# ਆਜ਼ਾਦ-ਖ਼ਿਆਲ

(ਇੱਕ ਅਡੋਲ ਆਤਮਕ ਅਵਸਥਾ)

# ਆਜ਼ਾਦ-ਖ਼ਿਆਲ

(ਇੱਕ ਅਡੋਲ ਆਤਮਕ ਅਵਸਥਾ)

**ਰਿੰਪੀ ਗਿੱਲ**

Barkat
PUBLICATION

**Azad Kheyal**

*by*


**© Rimpee Gill**
website:-rimpeegill.com
Email:- rimpeegill@gmail.com
Instagram:- @gillrimpee



ISBN: 978-81-963691-5-9

Price : Rs. 250/-

*Published by*

**Barkat Publication**
VPO Bagrian, Near Dhuri Road,
District Malerkotla, Punjab, 148018
Mobile Number:- 98148-01831
barkatpublication@gmail.com

*Printed & Bound in India*



**ALL RIGHTS RESERVED WORLDWIDE**
*No portion of this Book may be multiplying, stored in a retrieval System or Channelled in any form or by any means, electronic, mechanical, photocopy, recording, without the prior permission of the Author.*

ਜਿਉਂ ਹੀ ਕਾਇਨਾਤ ਦੇ ਸੁਰ ਤਾਲ ਜੁਸਤਜੂ ਹੋਏ
ਸੋਚ, ਖ਼ਿਆਲ ਇੱਕੋ ਲੈਅ ਵਿੱਚ ਹੂਬਹੂ ਹੋਏ
ਖ਼ਲਕਤ ਨੇ ਕਮਲ਼ੀ ਹੋ ਜਾਣਾ
ਜਿਸ ਦਿਨ ਦੁਨੀਆ ਦੇ ਰੂਬਰੂ ਹੋਏ।

# ਆਗਾਜ਼

ਦੀਨ ਦਿਆਲ ਅਪਾਰ ਅਬਿਨਾਸੀ
ਰਗ-ਰਗ ਦੇ ਵਿੱਚ ਸਾਜ ਹੈ
ਓਟ ਤੇਰੀ ਦੀ ਟੇਕ ਵਿਸਮਾਦੀ
ਤੇਰੇ ਨਾਮ ਤੋਂ ਖ਼ੁਦਾ ਆਗਾਜ਼ ਹੈ।

ਧੰਨ ਸੁਭਾਗ ਮੇਰੇ ਕਿ ਕਵਿਤਾ ਨੂੰ ਸਿਰਜਣਾ ਤੇ ਅਲਫ਼ਾਜਾ ਦੀ ਤੁਕਬੰਦੀ ਦੀ ਬਖਸ਼ਿਸ਼ ਮੇਰੇ ਹਿੱਸੇ ਆਈ। ਮੇਰਾ ਮੰਨਣਾ ਹੈ ਕਿ ਇਨਸਾਨ ਦਾ ਵਜੂਦ ਉਸਦੀ ਦੌਲਤ ਜਾ ਰੁਤਬਾ ਤਹਿ ਨਹੀਂ ਕਰਦਾ ਬਲਕਿ ਇਨਸਾਨ ਦੀ ਹੋਂਦ ਤਾਂ ਉਸਦੀ ਭਾਸ਼ਾ ਤਹਿ ਕਰਦੀ ਹੈ, ਸਲੀਕੇ ਨਾਲ ਵਿਚਰਨਾ ਤੇ ਭਾਸ਼ਾ ਦੀ ਸਾਦਗੀ ਹੀ ਤਾਂ ਇਨਸਾਨ ਦੀ ਅਸਲ ਸਖਸ਼ੀਅਤ ਤੇ ਕਿਰਦਾਰ ਬਿਆਨ ਕਰਦੀ ਹੈ। ਉਹ ਲਿੱਪੀ ਜਿਹੜੀ ਸਾਡੇ ਗੁਰੂ ਸਾਹਿਬਾਨਾਂ ਨੇ ਸਾਨੂੰ ਦਿੱਤੀ, ਜਿਸ ਦੀ ਇੱਕ ਇੱਕ ਤੁਕ ਦਾ ਆਸਰਾ ਲੈ ਕੇ ਤਾਂ ਇਨਸਾਨ ਤੁਰਦਾ ਹੈ, ਇਨ੍ਹਾਂ ਹੀ ਸ਼ਬਦਾਂ ਦੀ ਸ਼ਕਤੀ ਤਾਂ ਇਨਸਾਨ ਨੂੰ ਹੌਸਲਾ ਦਿੰਦੀ ਹੈ ਤੇ ਇਸ ਲਿੱਪੀ ਦਾ ਆਦਰ, ਸਤਿਕਾਰ ਤੇ ਸਨਮਾਨ ਕਰਨਾ ਸਾਡਾ ਫ਼ਰਜ਼ ਹੈ।

ਕਰਜ਼ਦਾਰ ਹਾਂ ਕਦਰਦਾਨਾ ਤੇਰੀਆ ਰਹਿਮਤਾਂ ਦੀ
ਤੂੰ ਇੰਨੀ ਸੋਹਣੀ ਕਲਾ ਨਾਲ ਨਿਵਾਜਿਆਂ ਏ
ਨਕਾਰ ਕੇ ਮੇਰੇ ਲੱਖ ਔਗੁਣਾਂ ਨੂੰ
ਅਪਾਰ ਬਖ਼ਸ਼ਿਸ਼ਾਂ ਨਾਲ ਜ਼ਿੰਦਗੀ ਨੂੰ ਸਾਜਿਆ ਏ।

ਕਿਸੇ ਵੀ ਸੁਫ਼ਨੇ ਦੀ ਨੀਂਹ ਇੱਕ ਖ਼ਿਆਲ ਹੀ ਹੁੰਦਾ ਹੈ ਤੇ ਇੱਕ ਖ਼ਿਆਲ ਹੀ ਸਰਮਾਇਆ ਹੁੰਦਾ ਹੈ ਕਿਸੇ ਵੀ ਗੀਤ, ਗ਼ਜ਼ਲ, ਨਜ਼ਮ ਜਾਂ ਕਵਿਤਾ ਦੀ ਉਤਪੱਤੀ ਦਾ। ਆਪਣੇ ਖ਼ਿਆਲਾਂ ਨੂੰ ਜਾਂ ਸੋਚ ਨੂੰ ਕਿਸੇ ਵੀ

ਦਾਇਰੇ ਜਾਂ ਸੀਮਾ 'ਚ ਸੀਮਤ ਰੱਖਣ ਦਾ ਭਾਵ ਖੁਦ ਦੀਆਂ ਇੱਛਾਵਾਂ, ਭਾਵਨਾਵਾਂ, ਖੁਹਾਇਸ਼ਾ ਨੂੰ ਕੈਦ ਕਰ ਲੈਣਾ ਹੈ ਪਰ ਅਸਲ ਇਨਸਾਨ ਉਹ ਹੀ ਹੈ ਜੋ ਇਸ ਸਮਾਜ 'ਚ ਵਿਚਰਦੇ ਸਮੇਂ ਆਪਣੇ ਕਰਮਵਾਦਾਂ ਦਾ ਪ੍ਰਯੋਗ ਕਰਦੇ ਹੋਏ ਆਪਣਾ ਵਜੂਦ ਵੀ ਕਾਇਮ ਰੱਖੇ ਤੇ ਆਪਣਾ ਦਾਇਰਾ ਵੀ ਤੇ ਬਰਕਰਾਰ ਰੱਖੇ ਆਪਣੀ ਹੱਦ ਦੀ ਸੀਮਾ ਵੀ।

ਆਜ਼ਾਦ-ਖ਼ਿਆਲ ਇੱਕ ਸੋਚ ਹੈ, ਇੱਕ ਅਵਸਥਾ ਹੈ, ਭੌਤਿਕਵਾਦ ਤੋ ਰਹਿਤ, ਬਹੁਤੀਆ ਮਨਸ਼ਾਵਾਂ ਤੋ ਪਰੇ ਤੇ ਇਸ ਅਵਸਥਾ ਨੂੰ ਮਾਨਣ ਲਈ ਕੁਦਰਤ ਅੱਗੇ, ਕੁੱਲ ਸ੍ਰਿਸ਼ਟੀ ਸਾਹਮਣੇ ਤੇ ਉਸ ਅਕਾਲ ਪੁਰਖ ਅੱਗੇ ਸਮਰਪਣ ਵੀ ਕਰਨਾ ਪੈਂਦਾ ਤੇ ਸਾਧਨਾ ਵੀ ਕਰਨੀ ਪੈਂਦੀ ਹੈ। ਜਦੋਂ ਇਨਸਾਨ ਸਪਰਪਣ ਵੀ ਕਰਦਾ ਹੈ ਤੇ ਸਾਧਨਾ ਵੀ ਤਾਂ ਸੰਭਵ ਹੁੰਦੀ ਹੈ ਏਕਤਾ, ਇਕਾਂਤ ਤੇ ਇਕਾਗਰਤਾ ਦੀ ਅਵਸਥਾ ਤੇ ਇਨਸਾਨ ਅੰਦਰ ਪੈਦਾ ਹੁੰਦੇ ਹਨ ਆਤਮਕ ਗੁਣ।

ਦਰਅਸਲ ਦੁਨੀਆਂ ਨਾ ਕਦੇ ਖ਼ੁਦ ਦੀ ਆਤਮਾ ਨੂੰ ਸਮਝ ਸਕੀ ਹੈ ਤੇ ਨਾ ਹੀ ਪਰਮਾਤਮਾ ਨੂੰ। ਅਹਿਸਾਸਾਂ ਦੀ ਬਰਕਤ ਦਾ ਸੁਭਾਗ ਕਿਸੇ ਵਿਰਲੇ ਹੀ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ। ਭਗਤੀ ਦਾ ਪ੍ਰਭਾਵ ਇਨਸਾਨ ਨੂੰ ਅਡੋਲ ਚਿੱਤ ਰੱਖਦਾ ਹੈ। ਇਹ ਪ੍ਰਭਾਵ ਉਸ ਦੀਆਂ ਮਾਨਸਿਕ ਤਣਾਅ ਦੀਆਂ ਤਰੇੜਾ ਨੂੰ ਸਮੇਂ ਸਮੇਂ ਤੇ ਲਿਪ ਨਰੋਆ ਤੇ ਦਰੁੱਸਤ ਕਰਦਾ ਰਹਿੰਦਾ ਹੈ। ਇਹ ਤ੍ਰੇੜਾ ਜ਼ਿੰਦਗੀ ਦਾ ਹਿੱਸਾ ਹਨ ਤਾਂ ਜੋ ਇੱਕ ਦਿਨ ਰੌਸ਼ਨੀ ਤੁਹਾਡੇ ਅੰਦਰ ਸਮਾ ਸਕੇ ਤੇ ਮਨ ਦੇ ਹਨੇਰੇ ਨੂੰ ਦੂਰ ਕਰ ਸਕੇ ਤੇ ਤੁਸੀਂ ਰੁਹਾਨੀਅਤ ਦੇ ਪ੍ਰਕਾਸ਼ ਦਾ ਪਸਾਰਾ ਕਰਦੇ ਰਹੋ। ਫਿਰ ਤੁਹਾਡੀ ਦਿਸ੍ਰਟੀ ਵਿੱਚ ਕੋਈ ਵੀ ਅਸਮਾਨਤਾ ਨਹੀਂ ਰਹਿੰਦੀ ਤੇ ਤੁਹਾਡੀ ਇਕਾਗਰਤਾ ਤੇ ਇਕਾਂਤ ਇੱਕ ਲੈਅ ਵਿੱਚ ਬੱਝ ਜਾਂਦੇ ਹਨ ਤੇ ਤੁਹਾਡੀ ਉਹ ਮਨ ਰੂਪੀ ਅਵਸਥਾ ਕਾਇਮ ਹੋ ਜਾਂਦੀ ਹੈ ਜਿਹੜੀ ਨਿਸ਼ਚਿਤ ਸਥਿਰ ਰਹਿੰਦੀ ਹੈ।

ਨਾ ਵਿਕਾਰਾਂ, ਨਾ ਫਿਟਕਾਰਾ, ਨਾ ਦੁਰਕਾਰਾਂ
ਚਿੰਤਾ ਦੁਨੀਆ ਨੂੰ ਕੋਝੇ ਕਾਮ ਦੀ
ਇੱਕ ਅਸਾਂ ਤੇ ਰਹੇ ਫ਼ਜ਼ਲ ਰਹਿਬਰ ਦੇ ਅਹਿਸਾਨਾ ਦੀ
ਤੇ ਦੂਜੀ ਅਸਾਂ ਨੂੰ ਤਲਬ ਅੱਲ੍ਹਾ ਦੇ ਨਾਮ ਦੀ।

ਪਰਮਾਤਮਾ ਦੀ ਰਹਿਮਤ ਤਦ ਹੀ ਹੋਏਗੀ ਜਦੋਂ ਤੁਸੀਂ ਉਸ ਦੀ ਬਖ਼ਸ਼ਿਸ਼ ਦੇ ਸਬੂਤ ਲੋਕਾਂ ਸਾਹਮਣੇ ਪੇਸ਼ ਕਰਨ ਤੋਂ ਹਟ ਜਾਓਗੇ ਕਿਉਂਕਿ ਪਿਆਰ, ਵਿਸ਼ਵਾਸ ਤੇ ਬੰਦਗੀ ਅਜਿਹੀਆਂ ਹਨ ਜਿੰਨ੍ਹਾਂ ਦੀ ਨਾ ਤਾਂ ਕੋਈ ਦਲੀਲ ਪੇਸ਼ ਕੀਤੀ ਜਾ ਸਕਦੀ ਹੈ ਤੇ ਨਾ ਹੀ ਕੋਈ ਤਰਕ। ਪਰਮਾਤਮਾ ਦੇ ਫ਼ੈਸਲੇ ਜਾਂ ਬਖਸ਼ਿਸ਼ ਤੇ ਕੋਈ ਸ਼ੱਕ, ਸ਼ਿਕਵਾ ਜਾਂ ਸ਼ੰਕਾ ਨਹੀਂ ਕੀਤੀ ਜਾ ਸਕਦੀ। ਜੇਕਰ ਉਸ ਰਹਿਬਰ ਅੱਗੇ ਸਮਰਪਣ ਕਰ ਦਿੱਤਾ ਜਾਵੇ ਤਾਂ ਕਿਸੇ ਝਮੇਲੇ ਦੀ ਗੁਜਾਇਸ਼ ਹੀ ਨਹੀਂ ਰਹਿੰਦੀ ਤੇ ਫਿਰ ਮਜ਼ਬੂਤ ਤੇ ਪੱਕੀ ਹੁੰਦੀ ਹੈ ਉਸ ਰਹਿਬਰ ਨਾਲ ਲਿਵ ਤੇ ਸਾਧਨਾ ਦੀ ਨੀਂਹ ਤੇ ਬਰਕਰਾਰ ਰਹਿੰਦੀ ਹੈ ਆਤਮਕ ਅਡੋਲ ਅਵਸਥਾ।

ਜੇਕਰ ਸ਼ੱਕ ਹੀ ਰਿਸ਼ਤਿਆ ਦਾ ਝਮੇਲ ਹੈ
ਤਾਂ ਪੂਰਨ ਵਿਸ਼ਵਾਸ ਹੀ ਮਿਲਾਪ ਦਾ ਸੁਮੇਲ ਹੈ
ਜੇਕਰ ਜ਼ਿੰਦਗੀ ਕਰਮ, ਕਿਸਮਤ, ਮੁਕੱਦਰਾਂ ਦੀ ਖੇਡ ਹੈ
ਤਾਂ ਲਗਨ, ਮਿਹਨਤ, ਯਤਨ ਸਭ ਕੁਦਰਤ ਦੀ ਹੀ ਦੇਣ ਹੈ।

ਮੈਂ ਵੀ ਕੋਸ਼ਿਸ ਕੀਤੀ ਹੈ ਕਿ ਮੈਂ ਆਪਣੇ ਖ਼ਿਆਲਾਂ ਦੇ ਸਰਮਾਇਆ ਜ਼ਰੀਏ ਆਪਣੀ ਸੋਚ ਨੂੰ ਕਵਿਤਾ, ਨਜ਼ਮਾਂ ਜਾ ਗ਼ਜ਼ਲਾਂ ਰਾਹੀਂ ਸਾਹਿਤ ਦੇ ਪੈਰੋਕਾਰਾਂ ਦੇ ਸਨਮੁਖ ਕਰਾਂ। ਮੈਨੂੰ ਇੰਝ ਜਾਪਦਾ ਕਿ ਮੇਰੀਆ ਰਚਨਾਵਾਂ ਤਾਂ ਸਾਹਿਤ ਦੇ ਚਹੇਤਿਆਂ ਦੇ ਦਿਲ ਦੀਆਂ ਬਰੂਹਾਂ ਤੇ ਇੱਕ ਸਿਰਨਾਵਾਂ ਤੇ ਸੁਨੇਹਾ ਲੈ ਕੇ ਅੱਪੜੀਆਂ ਹਨ। ਲਫ਼ਜ਼ਾਂ ਦਾ ਔੜਨਾ ਖ਼ਿਆਲਾਂ ਨੂੰ ਇੱਕ ਵਿਲੱਖਣ ਪਰਵਾਜ ਦੇ ਦਿੰਦਾ ਹੈ ਤੇ ਹੌਂਸਲਿਆਂ ਤੇ ਜਜ਼ਬਿਆਂ ਨੂੰ ਇੱਕ

ਨਰੋਈ ਤੇ ਨਿਵੇਕਲੀ ਆਸ।

ਮੰਜਿਲ਼ ਨਹੀਂ, ਰੁਤਬੇ ਨਹੀਂ, ਇਹ ਗੱਲ ਅਸੂਲਾਂ ਦੀ
ਜ਼ੁਬਾਨ ਦੀ ਗੱਲ ਨੂੰ ਅਣਖਾਂ ਵਾਲਾ ਮੋੜ ਨਹੀਂ ਸਕਦਾ
ਜਿਗਰੇ ਜਜ਼ਬਿਆਂ ਵਾਲਿਆ ਦੇ ਬੁਲੰਦ ਹੋਣ ਤਾਂ
ਹੌਸਲਿਆਂ ਨੂੰ ਕੋਈ ਤੋੜ ਨਹੀਂ ਸਕਦਾ।

ਇਹ ਜਜ਼ਬੇ, ਹੌਂਸਲੇ ਇਸੇ ਤਰਾਂ ਹੀ ਬਰਕਰਾਰ ਰਹਿਣ, ਸੱਚੇ ਤੇ ਸੁੱਚੇ ਖ਼ਿਆਲਾਂ ਦੇ ਆਗਮਨ ਹੁੰਦੇ ਰਹਿਣ, ਏਕਤਾ, ਇਕਾਂਤ ਤੇ ਇਕਾਗਰਤਾ ਦੇ ਨਾਲ-ਨਾਲ ਅਡੋਲ ਆਤਮਕ ਅਵਸਥਾ ਵੀ ਕਾਇਮ ਰਹੇ।

ਸ਼ੁਕਰਾਨੇ

**ਰਿੰਪੀ ਗਿੱਲ**

# ਤਤਕਰਾ


| | | |
|---|---|---|
| ✧ | ਧੰਨ ਗੁਰੂ ਨਾਨਕ ਜੀ | 15 |
| ✧ | ਕੁੱਲ ਜਗਤ ਦਾ ਬਾਨੀ | 16 |
| ✧ | ਖੇਦ ਖ਼੍ਵਾਰੀ ਭਟਕਣ ਵੇਲੇ | 17 |
| ✧ | ਐ ਖ਼ੁਦਾ | 18 |
| ✧ | ਜੇ ਇੱਕ ਛਿਣ ਵਿਸਰੇ ਨਾਮ ਤੇਰਾ | 18 |
| ✧ | ਇਬਾਦਤ | 19 |
| ✧ | ਬਖ਼ਸ਼ਿਸ਼ | 19 |
| ✧ | ਗੁਰੂ ਹਰਿਗੋਬਿੰਦ ਜੀ | 20 |
| ✧ | ਛੋਟੇ ਸਾਹਿਬਜ਼ਾਦੇ | 21 |
| ✧ | ਹਕੂਮਤ ਤੇ ਹਾਕਮ ਨੂੰ ਵੰਗਾਰ | 22 |
| ✧ | ਚੌਰਾਸੀ | 23 |
| ✧ | ਸਮਾਂ ਬੜਾ ਬਲਵਾਨ ਹੁੰਦਾ | 24 |
| ✧ | ਨਕਾਬਾਂ ਦਾ ਸੀ ਜਦ ਅਸਲ ਵਿਖਾਇਆ | 25 |
| ✧ | ਇਸ਼ਕ ਕੀ ਹੈ ? | 26 |
| ✧ | ਇਸ਼ਕ | 27 |
| ✧ | ਬਿਰਤੀ | 29 |
| ✧ | ਜਲ-ਤਰੰਗ | 29 |
| ✧ | ਨਾ ਮੈਂ ਜਾਣਾ ਚੁਸਤ ਚਲਾਕੀ | 30 |
| ✧ | ਦੋਹੜੇ | 31 |
| ✧ | ਮੈਂ ਤੋਂ ਤੂੰ ਦਾ ਸੰਕਲਪ | 32 |
| ✧ | ਤੂੰ | 33 |
| ✧ | ਮੁਕੱਦਰ | 34 |
| ✧ | ਸੁਹਬਤ-1 | 35 |
| ✧ | ਸੁਹਬਤ-2 | 36 |

| | | |
|---|---|---|
| ✧ | ਗੁਫਤਗੂ | 37 |
| ✧ | ਪਿਆਰ | 38 |
| ✧ | ਐ ਮੌਲਾ | 40 |
| ✧ | ਅੰਤਰ-ਜਾਮਤਾ | 40 |
| ✧ | ਅਨੁਵਾਦ | 41 |
| ✧ | ਵਿਸ਼ਵਾਸ | 41 |
| ✧ | ਖ਼ੁਦਾਈ | 42 |
| ✧ | ਰੂਹ | 43 |
| ✧ | ਮੈਂ ਕੌਣ ਹਾਂ-1 | 44 |
| ✧ | ਮੈਂ ਕੌਣ ਹਾਂ-2 | 45 |
| ✧ | ਮੈਂ ਕਵਿਤਾ ਸੂਫ਼ੀ ਸ਼ਾਇਰਾਂ ਦੀ | 46 |
| ✧ | ਨਾ ਸ਼ਬਨਮ, ਨਾ ਸ਼ਬਾਬ, ਨਾ ਗੁਲਾਬ ਆਖੋ | 47 |
| ✧ | ਗੁੰਬਦ ਉਸਾਰ ਕੇ ਸੁਫ਼ਨਿਆਂ ਦਾ | 48 |
| ✧ | ਇਕਰਾਰਨਾਮਾ | 49 |
| ✧ | ਅਫ਼ਸਾਨੇ | 50 |
| ✧ | ਜਦੋਂ ਤੂੰ ਮੇਰੀਆ ਮੰਨਦਾ ਨਹੀਂ | 51 |
| ✧ | ਮੇਰੇ ਅੰਦਰ ਕਈ ਨੇ ਐਬ ਲੋਕੋ | 52 |
| ✧ | ਕਵਿਤਾ | 53 |
| ✧ | ਗ਼ਮਾਂ ਦੇ ਕਾਫ਼ਲੇ | 54 |
| ✧ | ਜਿਸ ਵੇਲੇ ਚੇਤਿਆ 'ਚ ਨਾ ਧੜਕੇ | 55 |
| ✧ | ਹਵਾ ਆਵੇ ਤੇ | 56 |
| ✧ | ਅਬਦਾਨ ਸਨਿੰਆਸੀ ਹੋ ਰਿਹਾ | 57 |
| ✧ | ਅਸੀਂ ਆਸ਼ਿਕ ਤੇਰੇ ਹੋਇਓ ਆ | 58 |
| ✧ | ਨਜ਼ਾਕਤ ਦੇ ਅਵਤਾਰ | 59 |
| ✧ | ਹਾਂ ਮੈਂ ਤੈਨੂੰ | 60 |
| ✧ | ਪਤਾ ਮੈਨੂੰ | 61 |
| ✧ | ਦਰਦ ਇਸ਼ਕੇ ਦਾ | 62 |
| ✧ | ਕੋਈ ਨਹੀਂ ਸੀ ਜਾਣਦਾ | 63 |
| ✧ | ਜਿਸਦੇ ਹਰ ਫ਼ੈਸਲੇ ਨੂੰ | 64 |

✧ ਵਾਰਤਾਲਾਪ- ਪੌਣ ਪਾਣੀ ਨੂੰ ਪੁੱਛਦੀ 65
✧ ਅਚਨਚੇਤ ਜਦ ਟੁੰਬਕੇ 66
✧ ਜਿੰਦੜੀਏ 67
✧ ਸਿਫ਼ਤ 69
✧ ਨੂਰ ਪਹਿਰ 71
✧ ਅਕਾਸ਼ ਪੌਣ ਫ਼ਿਜਾਵਾਂ 72
✧ ਖ਼ਿਆਲ 73
✧ ਮਸ਼ਾਲ ਹਾਂ ਰੌਸ਼ਨੀ ਦੀ 74
✧ ਕੁੱਝ ਸਾਲ ਪਹਿਲਾਂ 75
✧ ਅੱਖੀਆ ਦੇ ਵਿੱਚ ਤਾਰੇ 76
✧ ਵਿੱਥਿਆ 77
✧ ਰੰਗ ਮੰਡਲ 78
✧ ਚੜ੍ਹਦੀਕਲਾ 79
✧ ਬਾਬਾ 80
✧ ਬੇਬੇ 81
✧ ਹਰ ਯੁੱਗ 82
✧ ਕੁੜੀਆਂ-1 83
✧ ਕੁੜੀਆਂ-2 84
✧ ਖੇਤ 85
✧ ਪੰਜਾਬ 86
✧ ਪੰਜਾਬੀ 87
✧ ਧਰਤ ਪੰਜਾਬ ਦੀ 88
✧ ਧਰਤੀ 89
✧ ਵਾਰਿਸ 90
✧ ਦਰਵੇਸ਼ 91
✧ ਸਰਦਾਰੀਆਂ 92
✧ ਜ਼ਿੰਦਗੀ ਕੀ ਹੈ ? 93
✧ ਜ਼ਿੰਦਗੀ 94
✧ ਸਵੈ-ਭਰੋਸਾ 95

| | | |
|---|---|---|
| ✧ | ਮੁਕਤੀ ਦਾ ਰਾਹ | 96 |
| ✧ | ਨਜ਼ਰੀਆ | 98 |
| ✧ | ਕਦੇ ਕਿਸੇ ਦਾ ਬੁਰਾ ਨਾ ਕਰੀਏ | 99 |
| ✧ | ਰੱਬ ਬੰਦੇ ਨੂੰ ਯਾਦ ਜੇ ਰਹਿੰਦਾ | 100 |
| ✧ | ਐਰ ਗ਼ੈਰ ਦੀਆਂ ਗੱਲਾਂ ਸੁਣ ਕੇ | 101 |
| ✧ | ਡਾਢੇ ਕਿਸੇ ਦੇ ਹਾਲਾਤਾਂ ਉੱਪਰ | 102 |
| ✧ | ਜਿੱਥੇ ਹੋਣ ਖਜਾਨੇ ਸੀਰਤਾਂ ਦੇ | 103 |
| ✧ | ਸੀਰਤ ਨਾਲ ਹੀ ਸੋਂਹਦੀ ਸਾਦਗੀ | 104 |
| ✧ | ਚੱਲ ਮੁਸਾਫ਼ਰਾਂ ਤੇਰੇ ਲੰਮੜੇ ਪੈਂਡੇ | 105 |
| ✧ | ਬਹੁਤੇ ਜਿਹੜੇ ਢੱਕਵੰਜ ਨੇ ਕਰਦੇ | 106 |
| ✧ | ਇੱਕੋ ਗੱਲ ਦਾ ਫੰਦਾ ਏ | 107 |
| ✧ | ਸਮੇਂ ਦੀ ਅੱਖ | 108 |
| ✧ | ਸ਼ਾਇਰ ਲੋਕ | 109 |
| ✧ | ਨਾਦਾਨ ਪਰਿੰਦੇ | 110 |
| ✧ | ਸ਼ਕਲਾਂ | 111 |
| ✧ | ਜਿਸ ਦੀ ਖ਼ੁਦ ਦੀ ਸੋਚ ਵਿੱਚ ਕਾਣ ਹੋਵੇ | 112 |
| ✧ | ਕਿਸੇ ਗੱਲੋਂ ਨਾ ਡਰਦੇ ਲੋਕੀਂ | 113 |
| ✧ | ਔਰਤ | 114 |
| ✧ | ਕੁਦਰਤ ਦੇ ਹਾਣ | 115 |
| ✧ | ਕੁਦਰਤ | 116 |
| ✧ | ਸੱਟ | 117 |
| ✧ | ਮਾਨਸਿਕਤਾ | 118 |
| ✧ | ਲੋਕ ਤੱਥ | 119 |
| ✧ | ਨਾ ਕਰ ਬਹੁਤੇ ਸਵਾਲ ਬੀਬਾ | 121 |
| ✧ | ਕਬੀਲਦਾਰੀ ਵਿੱਚ ਉਲਝ ਕੇ ਰਹਿ ਗਏ | 123 |
| ✧ | ਦਰਦ ਬਹੁਤੇ ਤੇ ਰੋਸੇ ਬਾਹਲ਼ੇ ਨੇ | 124 |
| ✧ | ਜੇ ਕੁੱਝ ਚੰਗਾ ਨਹੀਓਂ ਬੋਲ ਸਕਦੇ | 125 |
| ✧ | ਹਲੀਮੀ ਤੇ ਹਓਮੈਂ | 126 |
| ✧ | ਮੌਨ | 128 |

# ਧੰਨ ਗੁਰੂ ਨਾਨਕ ਜੀ

ਕੁੱਲ ਕਾਇਨਾਤ ਦੇ ਸਿਰਜਣਹਾਰ, ਰਹਿਬਰਾਂ ਦੇ ਰਹਿਬਰ, ਬੇਹਮਤਾ, ਬਲੰਦ-ਤਰੀਨ, ਬਲੰਦ-ਜਾਹ, ਆਬਰੂ ਦਾਰ ਧੰਨ ਗੁਰੂ ਨਾਨਕ ਕਣ ਕਣ ਵਿੱਚ ਤੇਰਾ ਵਾਸ ਹੈ। ਪਰਵਰਦਿਗਾਰ ਬੇਨਜ਼ੀਰ ਹਰ ਜਗ੍ਹਾਂ ਮੌਜੂਦ ਹੈ, ਵਣਾਂ ਉਜਾੜਾ ਤੋਂ ਲੈ ਕੇ ਝੂਮਦੇ ਲਹਿਰਾ ਰਹੇ ਖੇਤਾਂ ਤੱਕ, ਤਪਦੇ ਰੇਤ ਤੋਂ ਲੈ ਕੇ ਸਾਗਰਾਂ ਤੱਕ, ਧਰਤੀ ਦੇ ਚੱਪੇ-ਚੱਪੇ ਤੋਂ ਲੈ ਕੇ ਆਕਾਸ਼ ਤੋਂ ਪਾਰ ਬ੍ਰਹਿਮੰਡ ਤੱਕ। ਤੂੰ ਤਬੀਬ ਹੈ।

ਤਬਕ ਫਲਕ ਤੋ ਆਣ ਪਵੇ ਚਾਨਣ ਦੀ ਲੋਅ
ਸ਼ਾਮ-ਮਰਗਬੇ ਆਸਮਾਨ ਬਿਖੇਰ ਰਿਹਾ ਖ਼ੁਸ਼ਬੋ।

ਅਕਾਲ-ਪੁਰਖ ਦੇ ਅਵਤਾਰ ਧੰਨ ਗੁਰੂ ਨਾਨਾਕ ਜਿੱਥੇ ਜਿੱਥੇ ਤੇਰੀ ਬਾਣੀ ਦਾ ਅਲਾਪ ਛਿੜਦਾ ਹੈ ਉੱਥੇ-ਉੱਥੇ ਇਲਾਹੀ ਪ੍ਰਕਾਸ਼ ਦਾ ਨਿਰੰਕਾਰੀ ਨੂਰ ਪਸਰ ਜਾਂਦਾ ਹੈ। ਸ੍ਰਿਸ਼ਟੀ ਤੇ ਇਸ ਸ੍ਰਿਸ਼ਟੀ ਦੀ ਬਨਸਪਤੀ ਇੱਕ ਚਿੱਤ ਇਕਾਗਰ ਗੁਰੂ ਨਾਨਾਕ ਗੁਰੂ ਨਾਨਕ ਪੁਕਾਰ ਰਹੀ ਹੈ। ਅਦਭੁੱਤ, ਵਿਲੱਖਣ ਤੇ ਅਪਾਰ ਬਹੁਤ ਹੀ ਖ਼ੂਬਸੂਰਤ ਹੈ ਗੁਰੂ ਨਾਨਕ ਤੇਰੀ ਕੁਦਰਤ।

ਜਿੰਦੜੀਏ ਜਿੰਦ ਇਹ ਗੁਲਾਬ ਸਾਗਰ ਪਾਣੀ ਦਾ
ਕੱਲਰ ਤੋਂ ਕੰਵਲ ਉਪਜ ਕਰੇ ਹਰ ਵਾਕ ਬਾਣੀ ਦਾ
ਤ੍ਰਿਪਤ ਆਤਮਾ ਹੋ ਜਾਂਦੀ ਸੁਣੇ ਜਦੋਂ ਘੜਿਆਲ ਇਲਾਹੀ ਦਾ
ਗੁਲਜ਼ਾਰ ਮਹਿਕੇ, ਬਹਾਰ ਝੂਮੇ, ਨੂਰ-ਏ-ਜਮਾਲ ਇਲਾਹੀ ਦਾ।

# ਕੁੱਲ ਜਗਤ ਦਾ ਬਾਨੀ

ਕੁੱਲ ਜਗਤ ਦਾ ਬਾਨੀ ਤੂੰ ਪੀਰ ਨਾਨਕਾ
ਇਲਾਹੀ ਪ੍ਰਕਾਸ਼ ਦਾ ਨੂਰ ਤੂੰ ਫ਼ਕੀਰ ਨਾਨਕਾ

ਦੁਨੀਆ ਲਈ ਬਣ ਕੇ ਤਬੀਬ ਆਇਆ
ਭੈਣ ਨਾਨਕੀ ਦਾ ਤੂੰ ਵੀਰ ਨਾਨਕਾ

ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣੇ ਦੀ
ਕੈਸੀ ਤੋਰੀ ਤੂੰ ਅਨੋਖੀ ਲਕੀਰ ਨਾਨਕਾ

ਮੱਕਾ ਫੇਰ ਕੇ ਵਿਖਾਇਆ ਖ਼ੁਦਾ ਹਰ ਪਾਸੇ
ਭਰਮਾ 'ਚ ਭਟਕਿਆ ਲਈ ਤੂੰ ਰਾਹੀਗੀਰ ਨਾਨਕਾ

ਜੁਪਜੀ ਜਪੁ ਦੇ ਜਦੋਂ ਜਾਪ ਕਰੀਏ
ਤਾਂ ਵਹਿ ਤੁਰ ਪਏ ਅੱਖੀਆ ਚੋਂ ਨੀਰ ਨਾਨਕਾ

ਧਰਤੀ ਨਨਕਾਣੇ ਦੀ ਨੂੰ ਸਦਾ ਕਰੀਏ ਸਿਜਦਾ
ਰਹੇ ਅੱਖਾਂ 'ਚ ਵਸਦੀ ਤੇਰੀ ਤਸਵੀਰ ਨਾਨਕਾ।

# ਖੇਦ ਖ੍ਵਾਰੀ ਭਟਕਣ ਵੇਲੇ

ਖੇਦ ਖ੍ਵਾਰੀ ਭਟਕਣ ਵੇਲੇ
ਜਿਹੜਾ ਸਿਰ ਝੁਕਾਉਂਦਾ ਹੈ
ਦਾਪ ਭਟਕਣਾ ਵਿੱਥ ਤੇ ਰੱਖ ਕੇ
ਰੱਬ ਆਪੇ ਰਾਹ ਦਿਖਾਉਂਦਾ ਹੈ

ਤੂੰ ਪੀਰ ਪੈਗ਼ੰਬਰ
ਇਹ ਸਭ ਤੇਰੀ ਹੀ ਸ੍ਰਿਸ਼ਟੀ ਹੈ
ਗ੍ਰੰਥਨ ਸੰਸਾਰੀ ਰੂਪ ਰੇਖਾ
ਤੇਰੀ ਹੀ ਦ੍ਰਿਸ਼ਟੀ ਹੈ

ਜਗਤਨਾਥ ਧਰਾਪਤਿ ਦੇ
ਰਵਸ਼ ਰਸਿ ਨੂੰ ਹੀ ਸਹਿਣਾ ਹੈ
ਦਰਿ ਦਰਵੇਸ਼ੀ ਰਤ ਅਸਾਂ
ਇੱਕੋ ਦੇ ਬਣ ਕੇ ਰਹਿਣਾ ਹੈ।

## ਐ ਖ਼ੁਦਾ

ਜਦੋਂ ਤੱਕ ਹਰ ਸਾਹ ਵਿੱਚ ਤੇਰਾ ਨਾਮ ਯਾਦ ਰਹੇਗਾ
ਉਦੋਂ ਤੱਕ ਹਰ ਪਲ ਆਬਾਦ ਰਹੇਗਾ।

## ਜੇ ਇੱਕ ਛਿਣ ਵਿਸਰੇ ਨਾਮ ਤੇਰਾ

ਜੇ ਇੱਕ ਛਿਣ ਵਿਸਰੇ ਨਾਮ ਤੇਰਾ
ਤਾਂ ਧ੍ਰਿਗ ਇਹ ਜੀਵਨ ਹਾਰ

ਨਾਕਾਰ ਕੇ ਕੁਲ ਜਗਤ ਦੇ ਅਵਗੁਣ
ਪੈਗ਼ੰਬਰ ਹਰ ਪਲ ਲੈਂਦਾ ਸਾਰ

ਨਿਮਖ-ਨਿਮਖ ਜੇ ਮਹਿਮਾ ਤੇਰੀ
ਤਾਂ ਹਰ ਯੁਗ ਡੁੱਬਦੀ ਬੇੜੀ ਵੀ ਪਾਰ।

## ਇਬਾਦਤ

ਇਬਾਦਤ ਦੀ ਰਮਜ਼ ਹੀ ਐਸੀ ਆ
ਵਜ਼ੀਰ ਤੋਂ ਫ਼ਕੀਰ ਬਣਦੇ ਪਤਾ ਨਹੀਂ ਲੱਗਦਾ।

## ਬਖ਼ਸ਼ਿਸ਼

ਇਹ ਬਖ਼ਸ਼ਿਸ਼ ਭੌਤਿਕ ਤਨਦਿਹੀ
ਮੈਂ ਮਸਤਕ ਸਗਲ ਨਿਵਾਸ
ਰੰਗ ਰਤਨ ਦਾਤ ਮਸਵਾਣੀਆ
ਅੰਤਰ-ਬੋਧ ਅਨੰਤ ਧਰਵਾਸ
ਅਪਾਰ ਅਕੀਦਤ ਮਸਕੀਨੀਆਂ
ਉਪਾਸ਼ਕ ਦਿਲਰੁਬਾ ਅਚੁੱਤ ਖ਼ਾਸ।

## ਗੁਰੂ ਹਰਿਗੋਬਿੰਦ ਜੀ

ਪਾਪ ਦੇ ਸਾਗਰ ਨੂੰ ਬੰਨ੍ਹ ਲਾਉਣ ਖ਼ਾਤਰ
ਮੀਰੀ ਪੀਰੀ ਦਾ ਸਿਧਾਂਤ ਸਮਝਾਇਆ,

ਸਿਦਕ, ਧਰਮ, ਸੱਚਾਈ ਨੂੰ ਮੁੱਖ ਰੱਖ ਕੇ
ਰਿਹਾਈ ਕਰਾ ਕੇ ਬਵੰਜਾ ਰਾਜਿਆਂ ਦੀ
ਬੰਦੀਵਾਨ ਬੰਦੀ ਛੋੜ ਕਹਾਇਆ,

ਮੀਰੀ ਪੀਰੀ ਦੇ ਮਾਲਕਾਂ ਦਇਆ ਮੁੱਖ ਰੱਖ ਕੇ
ਜ਼ੁਲਮ ਦੀ ਰੱਤ ਨੂੰ ਵੀ ਨਿਚੋੜ ਵਹਾਇਆ,

ਧਰਮ ਦੇ ਰਹਿਨੁਮਾ, ਪਰਉਪਕਾਰੀ ਗੁਰੂ ਹਰਿਗੋਬਿੰਦ
ਤੇਰੀ ਬੀਰਤਾ ਅੱਗੇ ਕੁੱਲ ਜਹਾਨ ਰੁਸ਼ਨਾਇਆ।

# ਛੋਟੇ ਸਾਹਿਬਜ਼ਾਦੇ

ਧਰਤੀ ਕੰਬ ਉੱਠੀ
ਆਕਾਸ਼ ਵੀ ਹਾਲੋਂ ਬੇਹਾਲ ਹੋਇਆ
ਜਦੋਂ ਛੋਟੇ ਬਾਲੜਿਆਂ ਨੂੰ
ਨੀਂਹਾਂ 'ਚ ਚਿਣਨ ਦਾ ਫੁਰਮਾਨ ਹੋਇਅ;,
ਜ਼ੁਲਮ ਵੇਖ ਕੇ ਜਾਲਮ ਸੂਬੇ ਦਾ
ਕੁੱਲ ਜਹਾਨ ਦਾ ਇਨਸਾਨੀਅਤ 'ਚ ਈਮਾਨ ਮੋਇਆ
ਅਣਖ, ਗ਼ੈਰਤ ਤੇ ਸਿਦਕ ਵੇਖ ਕੇ ਯੋਧਿਆਂ ਦਾ
ਕੁੱਲ ਸੰਸਾਰ ਨੂੰ ਬੇ-ਸ਼ੁਮਾਰ ਗੁਮਾਨ ਹੋਇਆ।

# ਹਕੂਮਤ ਤੇ ਹਾਕਮ ਨੂੰ ਵੰਗਾਰ

ਅਸੀਂ ਸ਼ੇਰ ਆ, ਸਾਹਮਣਿਓ ਆਣ ਲੜਦੇ
ਕਿਹੜਾ ਡੱਕ ਲਊ ਸਾਡੀਆਂ ਦਲੇਰੀਆਂ ਨੂੰ
ਅਸੀਂ ਕਮਾਨੋ ਨਿੱਕਲੇ ਤੀਰ ਵਰਗੇ
ਥਾਂਏ ਠੱਲ ਪਾ ਦੇਈਏ ਹਨੇਰੀਆਂ ਨੂੰ
ਜਬਰ ਜ਼ੁਲਮ ਦੇ ਮੂਹਰੇ ਆਣ ਖੜ੍ਹਦੇ
ਚੱਲਣ ਨਹੀਂ ਦਿੰਦੇ ਹਕੂਮਤਾਂ ਤੇਰੀਆਂ ਨੂੰ।

ਧਰਮ ਦੇ ਵਿੱਚ ਵਿੱਥ ਪਾ ਨਹੀਂ ਹੋਣੀ
ਅਸੀਂ ਇੱਕੋ ਧਾਗੇ ਦੇ ਵਿੱਚ ਬੱਝੇ ਆ
ਲੈ ਸੁਣ ਵੰਗਾਰ ਆ ਤੈਨੂੰ ਵੈਰੀਆਂ
ਅੱਜ ਆਣ ਸਾਹਮਣੇ ਗੱਜੇ ਆ
ਚੌਧਰ ਦਿਆਂ ਭੁੱਖਿਆਂ ਸੁਣ ਹਾਕਮਾਂ
ਅਸੀਂ ਨੀਤਾਂ ਪੱਖੋਂ ਰੱਜੇ ਆ।

# ਚੌਰਾਸੀ

ਫੌਜਾਂ ਆਣ ਚੜ੍ਹੀਆਂ ਆਕਾਲ ਤਖ਼ਤ ਉੱਤੇ
ਡਟੇ ਰਹੇ ਯੋਧੇ ਬਿਰਾਜਮਾਨ ਤਾਬਿਆਂ ਚੋਂ

ਅਖੀਰ ਨੂੰ ਭਖਦੇ ਚੁੱਲੇ ਭਸਮ ਹੋ ਗਏ
ਕਾਂ ਰੋਟੀ ਟੁੱਕ ਕੇ ਲੈ ਗਏ ਛਾਬਿਆਂ ਚੋਂ

ਹਜ਼ਾਰਾਂ ਹੀ ਹੋ ਗਏ ਸ਼ਹੀਦ ਨਿਹੱਥੇ
ਨਿਰਦੋਸ਼ਾਂ ਨੇ ਸੀ ਕੀ ਗੁਨਾਹ ਕੀਤਾ

ਸਿੱਲ੍ਹੇ ਜ਼ਖ਼ਮ ਵੀ ਕੁਰੇਦੀਆਂ ਰਹੀਆਂ ਸਰਕਾਰਾਂ
ਹੋਣੀ ਨੇ ਸੀ ਕੁੱਝ ਐਸਾ ਤਬਾਹ ਕੀਤਾ

ਤੜਫ਼ ਦੀ ਤਪਸ਼ ਚੋਂ ਉਹ ਕਿਵੇਂ ਉੱਠਦੇ
ਜਿੰਨ੍ਹਾਂ ਨੂੰ ਸੀ ਟੋਹ-ਟੋਹ ਕੇ ਫ਼ਨਾਹ ਕੀਤਾ।

# ਸਮਾਂ ਬੜਾ ਬਲਵਾਨ ਹੁੰਦਾ

ਸਮਾਂ ਬੜਾ ਬਲਵਾਨ ਹੁੰਦਾ
ਇਹ ਹਰ ਵੇਲੇ ਸਬਕ ਸਿਖਾਉਂਦਾ ਏ

ਦੁਬਿਧਾ ਦੇ ਵਿੱਚ ਰੱਬ ਪਾ ਕੇ ਆਪੇ
ਚੰਗੇ ਮਾੜੇ ਦੀ ਪਰਖ ਕਰਾਉਂਦਾ ਏ

ਇਮਤਿਹਾਨ ਉਹ ਲੈਣ ਦੀ ਖ਼ਾਤਰ
ਫੇਰ ਭਾਣਾ ਵਰਤਾਉਂਦਾ ਏ

ਬੰਦਾ ਕੀ ਜਾਣੇ ਮਹਿਮਾ ਉਹਦੀ
ਉਹ ਆਪੇ ਸਭ ਕਰਾਉਂਦਾ ਏ।

## ਨਕਾਬਾਂ ਦਾ ਸੀ ਜਦ ਅਸਲ ਵਿਖਾਇਆ

ਨਕਾਬਾਂ ਦਾ ਸੀ ਜਦ ਅਸਲ ਵਿਖਾਇਆ
ਰੂਹ ਮੇਰੀ ਸੀ ਚੂਰ ਹੋਈ

ਬੰਦਗੀ ਬੁੱਧ ਵਿੱਚ ਪ੍ਰਕਾਸ਼ ਜਦ ਕੀਤਾ
ਤਾਂ ਰਹਿਮਤ ਤੇਰੀ ਹਜ਼ੂਰ ਹੋਈ

ਸਿਰ ਰੱਖਿਆ ਤੇਰਿਆਂ ਕਦਮਾਂ ਵਿੱਚ
ਤਾਂ ਭਟਕਣਾ ਮੇਰੀ ਦੂਰ ਹੋਈ

ਸਜਦੇ ਨਾਲ ਜਦ ਕੀਤਾ ਸਮਰਪਣ
ਹਰ ਮੁਰਾਦ ਮੁਕੰਮਲ ਭਰਪੂਰ ਹੋਈ।

## ਇਸ਼ਕ ਕੀ ਹੈ ?

ਇਸ਼ਕ ਤਪ ਹੈ, ਤਪੱਸਿਆ ਹੈ,
ਤਪੱਸਿਆ ਸਬਰ ਹੈ, ਸਬਰ ਸਿਦਕ ਹੈ,
ਸਿਦਕ ਸਹਿਜ ਹੈ, ਸਹਿਜ ਰੱਬ ਹੈ ਤੇ
ਰੱਬ ਸਭ ਕੁੱਝ ਹੈ।

## ਇਸ਼ਕ

ਇਕਾਗਰ ਬਿਰਤੀ
ਨਾਲ ਮਨ ਦੀ ਸਾਧਨਾ,
ਫ਼ਜਰ ਵੇਲੇ ਦੀ ਬੰਦਗੀ,
ਵਿਸਤ੍ਰਿਤ ਪਰਵਰਦਿਗਾਰ ਦੀ ਸਿਫ਼ਤ ਤੇ
ਨਿਰੰਕਾਰ ਦੀ ਇਬਾਦਤ ਹੀ
ਇਸ਼ਕ ਹੈ।

ਉਸ ਪਰਵਰਦਿਗਾਰ ਦੀਆਂ ਰਹਿਮਤਾਂ,
ਬਖਸ਼ਿਸ਼ਾਂ ਤੇ ਅਪਾਰ ਨਿਆਮਤਾਂ
ਉਹਦਾ ਸਾਡੇ ਲਈ ਇਸ਼ਕ ਹੈ
ਨਹੀਂ ਤਾਂ ਪਿਆਰ ਤੇ ਮੁਹੱਬਤ 'ਚ ਤਾਂ
ਸ਼ਰਤਾਂ, ਸੌਦੇਬਾਜੀਆਂ,
ਉਮੀਦਾਂ ਤੇ ਆਸਾਂ ਹੀ ਹੁੰਦੀਆਂ ਹਨ
ਤੇ ਜੇ ਇਹ ਮੁਕੰਮਲ ਨਾ ਹੋਣ ਤਾਂ
ਗੁੱਸੇ, ਗਿਲੇ, ਸ਼ਿਕਵੇ,
ਸ਼ਿਕਾਇਤਾਂ, ਨਾਮੋਸ਼ੀ, ਮਾਯੂਸੀ
ਤੇ ਇੱਥੋਂ ਤੱਕ ਕਿ ਨਫ਼ਰਤ ਵੀ ਜਾਇਜ਼
ਸਮਝਣ ਲੱਗ ਜਾਂਦਾ ਹੈ ਇਨਸਾਨ

ਉਸਦੀ ਸੋਚ ਤੇ ਸਮਝ
ਦੁਚਿੱਤੀ ਦੀ ਉਲਝਣ 'ਚੋਂ ਨਿਕਲ ਕੇ
ਵਸੇਬੇ ਦੀ ਮੰਜ਼ਿਲ
ਤੇ ਅੱਪੜਣ ਦੀ ਕੋਸ਼ਿਸ਼ 'ਚ
ਇਹ ਭੁੱਲ ਜਾਂਦੀ ਹੈ ਕਿ
ਸਕੂਨ, ਸੁਲ੍ਹਾ, ਸੁੱਖ,
ਅਨੰਦ, ਅਰਾਮ, ਟਿਕਾ, ਤਸਕੀਨ
ਇਨਸਾਨ ਦੀ ਮੰਜ਼ਿਲ ਨਹੀਂ
ਬਲਕਿ ਇਹ ਤਾਂ
ਰਾਹੀਂ ਦੀ ਰਾਹਦਾਰੀ ਦਾ ਹਿੱਸਾ ਹਨ।

ਇਹ ਸਬ ਕੁੱਝ ਖੋਜਦੇ ਖੋਜਦੇ
ਜਾਂ ਤਾਂ ਉਸਦੀ ਅੰਤਰ-ਦਿਸ਼੍ਟੀ ਤੇ
ਉਸਦਾ ਅੰਤਰ ਸਹਿਜ-ਗਿਆਨ ਉਸਦੀ
ਆਤਮਾ ਨੂੰ ਪਰਮਾਤਮਾ ਨਾਲ ਜੋੜ ਦਿੰਦਾ ਹੈ
ਜਾਂ ਫਿਰ ਇਕਾਗਰਤਾ ਨੂੰ ਤੋੜ ਦਿੰਦਾ ਹੈ
ਤੇ ਫਿਰ ਲਿਵ ਉਦੋਂ ਤੱਕ ਨਹੀਂ ਬੱਝਦੀ
ਜਦੋਂ ਤੱਕ ਇਨਸਾਨ ਆਪਣੇ ਆਪ ਨੂੰ
ਸਮਰਪਣ ਨਹੀਂ ਕਰ ਦਿੰਦਾ ਤੇ
ਗਿਆਨ-ਅੰਜਨ ਦੀ ਸਾਧਨਾ
ਅਰੰਭ ਨਹੀਂ ਕਰ ਦਿੰਦਾ ਤੇ
ਜਗਿਆਸਾ ਦਾ ਅਭਿਆਸ
ਕਰਨ ਲਈ ਦੁਨੀਆਂ ਦੀਆਂ ਉਦਾਹਰਨਾਂ
ਦੇ ਹਵਾਲੇ ਤੋਂ ਵੱਖ ਹੋ ਕੇ ਸੋਚਣਾ ਪੈਂਦਾ
ਤਦ ਜਾ ਕੇ ਆਤਮ ਜਾਗ੍ਰਿਤੀ ਦਾ ਪ੍ਰਕਾਸ਼ ਹੁੰਦਾ
ਤੇ ਭਟਕਣਾ ਦਾ ਵਿਨਾਸ਼ ਹੁੰਦਾ।

## ਬਿਰਤੀ

ਗੁਣਾ ਤੋਂ ਅਣਭਿੱਜ
ਜਦੋਂ ਮੈਂ ਬਿਰਤੀ ਲਾ
ਤੇਰਾ ਧਿਆਨ ਧਰਿਆ
ਤਾਂ ਪੂਰਾ ਬ੍ਰਹਿਮੰਡ
ਮੇਰੇ ਅੰਦਰ ਸਮਾ ਗਿਆ।

## ਜਲ-ਤਰੰਗ

ਜਲ-ਤਰੰਗ ਵੱਜ ਰਿਹਾ
ਇਹ ਝੀਲ ਕੋਈ ਗੀਤ ਗਾ ਰਹੀ ਹੈ

ਸੀਤਲ ਲਹਿਰ ਦੇ ਨਕਸ਼ਾ ’ਚੋਂ
ਆਵਾਜ਼ ਤੇਰੀ ਆ ਰਹੀ ਹੈ

ਕੁੱਲ ਕਾਇਨਾਤ ਖ਼ੁਦਾ
ਤੇਰੀ ਰਜਾ ’ਚ ਗੁਣਗਣਾ ਰਹੀ ਹੈ।

## ਨਾ ਮੈਂ ਜਾਣਾ ਚੁਸਤ ਚਲਾਕੀ

ਨਾ ਮੈਂ ਜਾਣਾ ਚੁਸਤ ਚਲਾਕੀ
ਨਾ ਕੋਈ ਢੋਂਗ ਰਚਾਵਾਂ,

ਸਿੱਧੇ ਰਾਹ ਤੂੰ ਮੁੜ ਮੁੜ ਪਾਈ
ਜੇ ਗਲਤੀ ਦੁਹਰਾਵਾਂ,

ਜੋ ਤੂੰ ਆਪ ਕਰਾਵੇ ਮੌਲਾ
ਓਹੀ ਕਰਦਾ ਜਾਵਾਂ,

ਤਾਂ ਤੂੰ ਮੈਨੂੰ ਕਾਫ਼ਿਰ ਆਖੀਂ
ਜੇ ਕੋਈ ਦਗਾ ਕਮਾਵਾਂ

ਹਰ ਗੁਸਤਾਖ਼ੀ ਦੇ ਲਈ ਮੌਲਾ
ਤੇਰੇ ਕਦਮਾਂ ਵਿੱਚ ਹੀ ਆਵਾਂ।

# ਦੋਹੜੇ

ਵਣਜ ਕਿਬਰ ਦਾ ਕਰਦਿਆਂ ਨਾ ਸੁਖ ਆਲ ਪਤਾਲ
ਇੱਕ ਤਸਬੀ ਤੇ ਮਹਦ ਮਹਿਰਮ ਦੀ ਇਹੋ ਇਸ਼ਕ ਅਕਾਲ।

ਪ੍ਰੇਮ ਦੇ ਪਾਂਧੀ ਪੂਜਦੇ ਪਰਮ ਪੈਗ਼ੰਬਰ ਅਕਾਸ਼,
ਗਿਆਨ ਦੀ ਗੰਗਾ ਬਾਣੀਆਂ ਕਰਨ ਮਨ ਮੰਡਲ ਪ੍ਰਕਾਸ਼।

ਸਭ ਵਡਿਆਈਆ ਉਸ ਦੀਆ ਤੇ ਸੱਭ ਕੁੱਝ ਉਹਦੇ ਹੱਥ
ਸਫ਼ਰ ਤਾਂ ਬੰਦਾ ਕਰ ਰਿਹਾ ਪਰ ਚਲਾ ਰਿਹਾ ਉਹ ਰੱਥ।

ਖ਼ੁਸ਼ਾਮਦੀ ਖ਼ਿਦਮਤਾ ਜੇ ਕਰੇ ਤਾ ਖੱਜਲ-ਖੁਆਰੀ ਦੀ ਉਲਝਣ ਮੁੱਕੇ
ਸਬਰ ਸਕੂਨ ਤਾ ਮਿਲੇ ਜੇ ਗਿਣਤੀ-ਮਿਣਤੀ ਦੀ ਉਲਝਣ ਮੁੱਕੇ।

## ਮੈਂ ਤੋਂ ਤੂੰ ਦਾ ਸੰਕਲਪ

ਹੇ ਕਾਦਰ
ਸ਼ਾਇਦ ਅਜੇ ਮੈਂ ਤੇਰੀ
ਕਾਇਨਾਤ ਦੀ ਸੁਹਬਤ ਤੋਂ ਅਨਜਾਣ ਹਾਂ
ਤਪੱਸਿਆ ਦੀ ਤਪਸ਼ 'ਚ ਵਿਲਕ ਕੇ
ਤੇਰੀ ਤਾਬ ਦੇ ਪ੍ਰੇਮ-ਮਾਰਗ ਤੇ ਤੁਰ ਪੈਣਾ
ਮੰਨ ਕੇ ਤੇਰੀ ਰੂਹ ਰਾਗ ਦਾ ਭਾਣਾ
ਤੇ ਫਿਰ ਕਾਲ ਤੋਂ ਅਕਾਲ ਤੱਕ ਬੱਝਦੀ ਹੈ
ਨੇਤਰਾ ਦੀ ਤੜਾਗੀ ਤੇ ਇੱਕ ਦੀਦਾਰ ਤੋਂ
ਇਹ ਸਦੀਆਂ ਦੀ ਤੇਹ ਨੂੰ ਮਿਲ ਜਾਂਦੀ ਹੈ ਤ੍ਰਿਪਤੀ
ਤੇ ਫਿਰ ਤੋਂ ਇਕੇ ਦੂਸਰੇ 'ਚ ਵਲੀਨ ਹੋ ਜਾਣਾ
ਤੇ ਫਿਰ ਉਹ ਆਤਮਾ ਨਾ ਮੁਥਾਜ ਹੈ ਕਿਸੇ ਸੀਮਾ ਦੀ
ਨਾ ਆਕਾਰ ਦੀ, ਨਾ ਵਿਸਥਾਰ ਦੀ,
ਤੇ ਪੂਰਾ ਹੋ ਜਾਂਦਾ ਹੈ
ਮੈਂ ਤੋਂ ਤੂੰ ਦਾ ਸੰਕਲਪ।

# ਤੂੰ

ਅਰਦਾਸਾਂ 'ਚ ਤੂੰ
ਖ਼ੁਆਬਾਂ 'ਚ ਤੂੰ
ਅੱਠੋ ਪਹਿਰ
ਖ਼ਿਆਲਾਂ 'ਚ ਤੂੰ
ਜ਼ਿੰਦਗੀ ਦੇ
ਰਮਜ਼ ਰਿਵਾਜਾਂ 'ਚ ਤੂੰ
ਬੰਦਗੀ ਦੇ
ਮੌਨ ਮਿਜ਼ਾਜਾ 'ਚ ਤੂੰ।

# ਮੁਕੱਦਰ

ਇਹ ਮੁਕੱਦਰ ਹੈ ਮੇਰਾ
ਕਿ ਜਦੋਂ ਕਦੇ ਵੀ
ਮੇਰੇ ਮਨ ਦੇ ਨੇਰ੍ਹ ਦੀ ਧੂੜ ਤੇ
ਰੋਹ ਦੀ ਤਲਖ਼ੀ ਵਧਦੀ ਹੈ ਤਾਂ
ਚਾਨਣ ਹੋ ਬਹੁੜਦੀ ਹੈ
ਤੇਰੇ ਸਹਿਜ ਦੇ ਅਕੀਦਿਆਂ ਦੀ ਵਰਨ ਮਾਲਾ
ਸਬਰ ਤੋਂ ਮੁਖ਼ਾਤਿਬ ਤੇ
ਸਮਰਪਣ ਭਰੀ ਮੁਹੱਬਤ
ਜਿਹੜੀ ਜ਼ਿੰਦਗੀ ਨੂੰ ਰੁਮਕਣ ਲਾ ਦਿੰਦੀ ਹੈ ਤੇ
ਜਿਸਦੀਆਂ ਤੰਦਾਂ
ਪ੍ਰਬਲ ਵੀ ਨੇ ਤੇ ਨਿਰਮਲ ਵੀ ਤੇ
ਇਹ ਨਿਰੰਤਰ ਵੀ ਹੈ ਤੇ ਸਦੀਵੀਂ ਵੀ।

## ਸੁਹਬਤ-1

ਸੁਹਬਤ ਤੇਰੀ ਦੀ ਰੰਗਤ
ਮਹਿੰਗੀ ਲੱਖ ਹਜ਼ਾਰਾਂ ਤੋਂ
ਬੱਦਲ਼ਾਂ ਨੇ ਰੰਗ ਚੋਰੀ ਕੀਤਾ
ਤੇਰੀਆਂ ਦਸਤਾਰਾਂ ਤੋਂ
ਅਸਮਾਨ ਵੀ ਛੋਟਾ ਜਾਪੇ
ਤੇਰਿਆਂ ਉਪਕਾਰਾਂ ਤੋਂ
ਝਾਕਾ ਇੱਕ ਤੇਰੀ ਦੀਦ ਦਾ
ਵੱਡਾ ਚਮਤਕਾਰਾਂ ਤੋਂ।

## ਸੁਹਬਤ-2

ਕਾਇਨਾਤ ਦਾ ਕਿਸ਼ਮਾ
ਨੇਤਰਾ ਦੀ ਜ਼ੁਬਾਨੀ
ਪਾਕੁ ਸਾਧਨਾ ਮੂਲ ਹੈ
ਇਬਾਦਤ ਜੋ ਲਾਸਾਨੀ

ਚਾਲ 'ਚ ਤਰੰਗ ਤੇ
ਨਜ਼ਰਾਂ 'ਚ ਤੂਫ਼ਾਨੀ
ਮਸਤਕ 'ਚੋਂ ਛਲਕਦੀ
ਆਫ਼ਤਾਬ ਜੋ ਰੂਹਾਨੀ

ਕੇਸਾਂ ਦੀ ਰੰਗਤ 'ਚੋਂ
ਰੁਮਕਦੀ ਹੈ ਰਵਾਨੀ
ਹੌਸਲਿਆਂ ਦੀ ਪਰਵਾਜ਼ ਹੈ
ਤੇਰੀ ਸੁਹਬਤ ਦੀ ਨਿਸ਼ਾਨੀ।

## ਗੁਫਤਗੂ

ਅੱਖਰਾਂ ਦੀ ਬਣਤਰ ਹੈ
ਜਿਓਂ ਹੂ-ਬ-ਹੂ
ਕਵਿਤਾ ਸਿਰਜਣਾ ਦਾ ਹੋਣਾ ਹੈ
ਤੇਰੇ ਰੂਬਰੂ
ਸਤਰਾਂ ਦੇ ਲਹਿਜੇ ਜਿਓਂ ਕਰਨੀ
ਗੁਫਤਗੂ।

# ਪਿਆਰ

ਪਿਆਰ ਇਲਾਹੀ ਧਰਮ
ਪਿਆਰ ਤਾਂ ਦੁਨਿਆਵੀ ਕਰਮ
ਪਿਆਰ ਲਿਵ ਦੀ ਸਾਧਨਾਂ
ਪਿਆਰ ਤਾਂ ਮਨ ਦੀ ਪ੍ਰਾਥਨਾ
ਪਿਆਰ ਪਰਮ ਤੱਤਾ ਦੀ ਵੰਨਗੀ
ਪਿਆਰ ਤਾਂ ਭਗਤਾ ਦੀ ਬੰਦਗੀ
ਪਿਆਰ ਦਿਲ ਦੀ ਅਮੀਰੀ
ਪਿਆਰ ਤਾਂ ਰੂਹ ਦੀ ਫ਼ਕੀਰੀ
ਪਿਆਰ ਸੁੱਖਾਂ ਦੀ ਰਖ
ਪਿਆਰ ਤਾਂ ਮਹਿਰਮ ਦੀ ਅੱਖ
ਪਿਆਰ ਸੁਲਗਦੀ ਅੱਗ
ਪਿਆਰ ਤਾਂ ਗੁਲਾਬੀ ਅੱਕ
ਪਿਆਰ ਸੀਰਤ ਦਾ ਰੂਪ
ਪਿਆਰ ਤਾਂ ਪਵਿੱਤਰ ਸਰੂਪ
ਪਿਆਰ ਰਜੋਂ ਪ੍ਰਕਿਰਤੀ
ਪਿਆਰ ਤਾਂ ਅਕਹਿ ਅਕ੍ਰਿਤੀ
ਪਿਆਰ ਪਰੀਚੈ ਪਰਖ
ਪਿਆਰ ਤਾਂ ਅਦਬੀਆ ਦੀ ਅਣਖ

ਪਿਆਰ ਗੁਣਾ ਦਾ ਕੁੱਪ
ਪਿਆਰ ਤਾਂ ਨਿੱਘੀ ਧੁੱਪ
ਪਿਆਰ ਸਰਕਦੀ ਵਾਅ
ਪਿਆਰ ਤਾਂ ਰੋਗੀਆਂ ਦੀ ਦਵਾਅ
ਪਿਆਰ ਡੂੰਘਾ ਸਾਗਰ
ਪਿਆਰ ਤਾਂ ਖਿਦਮਤਾ ਦੀ ਗਾਗਰ
ਪਿਆਰ ਰੁਮਕਦੀ ਪੌਣ
ਪਿਆਰ ਤਾਂ ਬਰਸਦਾ ਸਾਉਣ
ਪਿਆਰ ਗੁਰੂਆਂ ਦੀ ਟੇਕ
ਪਿਆਰ ਤਾਂ ਮਾਰੂਥਲ ਜਿਹਾ ਸੇਕ
ਪਿਆਰ ਮਿਜ਼ਾਜੀ ਸਜ਼ਾ
ਪਿਆਰ ਤਾਂ ਰੱਬ ਦੀ ਰਜਾ।

## ਐ ਮੌਲਾ

ਕਿਉਂ ਲੱਗਦਾ ਕੋਈ ਗੁਨਾਹ ਹੋ ਗਿਆ
ਜੋ ਸੀ ਅਜਨਬੀ, ਉਹ ਖੁਦਾ ਹੋ ਗਿਆ।

## ਅੰਤਰ-ਜਾਮਤਾ

ਸਪਰਸ਼ ਇੰਦਰੀਆਂ
ਤੋਂ ਰਹਿਤ ਇੱਕ ਦੂਸਰੇ ਦੇ
ਵਿਚਾਰਾਂ ਤੇ ਜਜ਼ਬਾਤਾ
ਦੇ ਅਨੁਭਵ ਦਾ
ਸੂਰ-ਲੋਪ।

## ਅਨੁਵਾਦ

ਧਰਤੀ ਥਾਵੈ ਬੈਠ ਕੇ
ਇਸ ਪਰਬਤੀ ਚੁੱਪੀ ਭੇਦ ਦਾ
ਸੰਵਾਦ ਕਰਾਂਗੇ
ਇੱਕ ਦਿਨ ਰਲ ਕੇ ਆਪਾ
ਇਸ ਇਸ਼ਕ-ਏ-ਇਲਾਹੀ ਦੇ
ਅਫ਼ਜ਼ਲ ਗੇੜ ਦਾ ਅਨੁਵਾਦ ਕਰਾਂਗੇ।

## ਵਿਸ਼ਵਾਸ

ਇਹ ਆਪਣੇ ਅੰਦਰ ਦਾ ਇਤਕਾਦ
ਹੀ ਤਾਂ ਹੈ ਜਿਹੜਾ ਇਸ ਅਰਾਧਨਾ
ਨੂੰ ਟੁੱਟਣ ਨਹੀਂ ਦਿੰਦਾ ਤੇ ਚੱਲਦਾ
ਰਹਿੰਦਾ ਹੈ ਮੇਰੇ ਮਨ ਦੀ ਸਾਧਨਾਂ
ਦਾ ਅਭਿਆਸ ਤੇ ਤੇਰੇ ਵੀ ਤਾਂ
ਅੰਦਰ ਦੀ ਸੁਹਿਰਦਤਾ ਦੀ ਬੁਨਿਆਦ
ਤੇ ਆਬਾਦ ਹਨ ਇਹ
ਤਰਾਨੇ ਮੁਹੱਬਤ ਦੇ।

# ਖ਼ੁਦਾਈ

ਨਾਂ ਕਰ ਫ਼ਿਕਰਾਂ, ਮਾਣ ਹਰ ਨੇਰ੍ਹ ਸਵੇਰੇ
ਇਹ ਅੱਖ ਹਰ ਰਮਜ਼ ਪਛਾਣਦੀ ਏ

ਬੇਮਿਸਾਲ ਅਸ਼ਿਨਾਈ ਤੇਰੀ
ਬੇਮਿਸਾਲ ਦਿਲ-ਰੁਬਾਈ ਤੇਰੀ
ਜਿੰਦ ਕੁੱਲ ਖਲ਼ਕਤ ਨੂੰ ਵਿਸਾਰਦੀ ਏ

ਗੁੱਝੀਆਂ ਰਮਜ਼ਾਂ ਰੱਬੀ ਇਤਫ਼ਾਕ ਨੇ ਜੋ
ਇਹ ਰੂਹਦਾਰੀ ਮੇਰੇ ਦੀਨ ਇਮਾਨ ਦੀ ਏ

ਅਣਹੋਂਦ 'ਚ ਵੀ, ਹੋਂਦ 'ਚ ਵੀ ਸਦਾ ਨਾਲ ਹੈ
ਇਹ ਖ਼ੁਦਾਈ ਵੀ ਤਾਂ ਕਮਾਲ ਦੀ ਏ।

## ਰੂਹ

ਇਹ ਤਾਂ ਰੂਹ ਦੀ ਤਾਬ ਏ
ਇੱਕ ਦਾ ਵਿਕਲਣਾ ਤੇ
ਦੂਜੇ ਦੇ ਪ੍ਰਾਣਾ ਦਾ ਸਿਮਟ ਜਾਣਾ
ਤੇ ਉਹ ਵੀ ਕੋਹਾਂ ਦੂਰ
ਧਰਤੀ ਦੇ ਦੂਜੇ ਬੰਨੇ
ਕਿਸੇ ਝਲਕ ਤੋਂ ਬਿਨਾਂ,
ਛੋਹ ਤੋਂ ਬਿਨਾਂ,
ਬੋਲ-ਚਾਲ ਤੋਂ ਬਿਨਾਂ,
ਨਿਰੀ ਪੁਰੀ ਖ਼ਾਮੋਸ਼ੀ 'ਚ ਤੇ
ਇੱਕ ਦੇ ਚੇਤਿਆ 'ਚ ਧੜਕਣਾ
ਤੇ ਦੂਸਰੇ ਦੇ ਅਹਿਸਾਸਾਂ ਦੀ ਉਤਪਤੀ
ਦਾ ਝਪ ਵਿੱਚ ਹੀ ਹਰ
ਕਿਸਮ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ
ਆਤਮਾ ਤੋਂ ਕਾਇਆ ਤੱਕ ਹੋਣਾ
ਤੇ ਇਹ ਪਿਆਰ ਦਾ
ਕਾਲ ਤੋਂ ਅਕਾਲ 'ਚ ਪ੍ਰਵੇਸ਼
ਹੋਣ ਦੀ ਅਵਸਥਾ ਦੀ
ਤਸ਼ਬੀਹ ਨਹੀਂ ਤਾਂ ਭਲਾ ਹੋਰ ਕੀ ਹੈ ?

## ਮੈਂ ਕੌਣ ਹਾਂ-1

ਸੁਰਗਾਂ ਦੀ ਜਾਈ ਸਾਗਰਾਂ 'ਚ ਸਮਾਈ
ਅੰਬਰ ਦੀਆਂ ਮਹਿਫ਼ਲਾਂ 'ਚ ਹਸੀਨ ਹਾਂ

ਅਕਾਸ਼ ਦੀਆਂ ਕਹਿਕਸ਼ਾਂ ਸੰਗ
ਟਹਿਕ ਰਹੀ ਇੱਕ ਜ਼ਮੀਨ ਹਾਂ

ਬੇਹਿਸਾਬ ਰੰਗਾ 'ਚ ਗੜੁੱਚ
ਤਸਵੀਰ ਇੱਕ ਰੰਗੀਨ ਹਾਂ

ਸਬਰ ਸ਼ੁਕਰਾਨੇ ਨਿਆਮਤਾਂ
ਖ਼ੁਦਾ ਤੇਰੀ ਰਜਾ 'ਚ ਆਮੀਨ ਹਾਂ

ਜਾਰੀ ਹੈ ਆਬਾਦ ਇੱਕ ਮਰਤਬਾ
ਮੈਂ ਖ਼ੁਦ ਵਿੱਚ ਲੀਨ ਹਾਂ।

## ਮੈਂ ਕੌਣ ਹਾਂ-2

ਇਹ ਧਰਤੁ ਮਹੀਨ ਜ਼ੇਵਰੀ
ਸ਼ਿੱਤਿਆਂ 'ਚ ਦੱਬਿਆ ਇੱਕ ਰਾਜ ਹਾਂ
ਜੋ ਸਿਰ ਤੇਰੇ ਤੇ ਸਜ ਰਿਹਾ
ਉਹਨਾਂ ਅਣਖਾਂ ਦਾ ਮੈਂ ਤਾਜ ਹਾਂ।

ਸਾਦਗੀ 'ਚ ਸੁਹੱਪਣ ਆਗਮਨ ਤੋਂ
ਖ਼ੁਦਾ ਤੇਰੀ ਰਜ਼ਾ 'ਚ ਰਹਿਮਾਨ ਹਾਂ
ਇੱਜ਼ਤ-ਏ-ਤੌਹੀਨ ਲਈ ਉੱਠਦਾ
ਇੱਕ ਤੀਰ ਹਾਂ, ਇੱਕ ਕਮਾਨ ਹਾਂ
ਖ਼ੁਦ-ਬ-ਖ਼ੁਦ ਵਿੱਚ ਮੈਂ ਇੱਕ ਜਹਾਨ ਹਾਂ।

## ਮੈਂ ਕਵਿਤਾ ਸੂਫ਼ੀ ਸ਼ਾਇਰਾਂ ਦੀ

ਮੈਂ ਕਵਿਤਾ ਸੂਫ਼ੀ ਸ਼ਾਇਰਾ ਦੀ
ਉਹ ਗੀਤ ਨਗੀਨਾ ਰੁਖ਼ਸਾਰ ਕੁੜੇ
ਮੇਰੇ ਕੰਨੀ ਗੂੰਜਣ ਬੋਲ ਉਹਦੇ
ਕੋਈ ਰੂਹ ਵਿੱਚ ਵੱਜਦਾ ਸਾਜ ਕੁੜੇ
ਮੇਰੇ ਨੇਤਰ ਸਜਦਾ ਕਰਦੇ ਨੇ
ਬਾਣੀ ਜਿਹਾ ਜਿਓ ਰਾਗ ਕੁੜੇ।

ਤਪਸ਼ 'ਚ ਤਪਦੇ ਸੀਨੇ ਦੇ
ਬਾਰਿਸ਼ ਬਣ-ਬਣ ਡੁੱਲ੍ਹ ਜਾਵੇ
ਮਸਤ ਪੌਣ ਦੇ ਲਹਿਜੇ 'ਚ
ਇਤਰ ਬਣ ਸਾਹਵਾਂ ਚ' ਘੁੱਲ ਜਾਵੇ।

ਆਕਾਸ਼-ਗੰਗਾ ਦੇ ਤਾਰੇ ਵਰਗਾ
ਮਲਕ-ਸੀਰਤ ਉਹ ਰਾਜੇ ਵਰਗਾ
ਪ੍ਰਕਾਸ਼ ਰੂਪ, ਨੈਣ ਡੂੰਘੇ ਸਰਵਰਾ ਜਿਹੇ
ਪਰਮ ਪਰਮਾਰਥੀ ਉਹ ਧਰਤੀ ਦਾ
ਦੱਸ ਫਿਰ ਕਿਵੇ ਨਾਕਾਰ ਦੇਵਾ
ਕੋਈ ਤੋੜ ਨੀਂ ਉਹਦੀ ਹਸਤੀ ਦਾ।

## ਨਾ ਸ਼ਬਨਮ, ਨਾ ਸ਼ਬਾਬ, ਨਾ ਗੁਲਾਬ ਆਖੋ

ਨਾ ਸ਼ਬਨਮ, ਨਾ ਸ਼ਬਾਬ, ਨਾ ਗੁਲਾਬ ਆਖੋ
ਮੈਨੂੰ ਤਾਂ ਪਵਿੱਤਰ ਇੱਕ ਕਿਤਾਬ ਆਖੋ

ਗਹਿਰੀ ਧੁਨ ਜੋ ਰੂਹ 'ਚ ਉੱਤਰ ਜਾਏ
ਸੰਖ, ਵੰਝਲੀ ਜਾ ਕੋਈ ਰਬਾਬ ਆਖੋ

ਕੁਸ਼ਾਦਗੀ ਤਰੰਗ ਤੇ ਰਵਾਨਗੀ ਦੇ ਸੰਗ
ਬਹਿਸ਼ਤ ਨੂੰ ਲਿਜਾਂਦੀ ਸੀਤਲ ਝਨਾਬ ਆਖੋ

ਵਸੀਕ ਅਸਫ਼ਾ ਵਾਲਾਈ ਦਾ ਬਿਹੀਨ ਜੋ
ਸੁਹੱਪਣ 'ਚ ਸਿਮਟਿਆ ਰੰਗੀਨ ਲਿਬਾਸ ਆਖੋ।

# ਗੁੰਬਦ ਉਸਾਰ ਕੇ ਸੁਫ਼ਨਿਆਂ ਦਾ

ਗੁੰਬਦ ਉਸਾਰ ਕੇ ਸੁਫ਼ਨਿਆਂ ਦਾ
ਮੱਥਾ ਟੇਕਿਆ ਹੈ ਮੈਂ

ਅਨਾਹਦ ਨਾਦ ਰਹਿਣ ਵੱਜਦੇ
ਜਦੋਂ ਦਾ ਮੰਤਰ- ਮੁਗਧ ਹੋ ਕੇ
ਤੈਨੂੰ ਨੇੜਿਓਂ ਵੇਖਿਆ ਹੈ ਮੈਂ

ਜਿਓਂ ਰਹਿਬਰ
ਆਦਿ ਤੋਂ ਜੁਗਾਦਿ ਦਾ ਜ਼ਿਕਰ ਕੀਤਾ
ਤਿਓਂ ਦੀਵਾ ਦੁਆਵਾਂ ਦਾ
ਬਾਲ ਕੇ ਸੇਕਿਆ ਹੈ ਮੈਂ।

## ਇਕਰਾਰਨਾਮਾ

ਕਹਿਰ ਕੀ, ਲਿਹਾਜ ਕੀ ਤੇ ਲਾਇਲਾਜ ਵੀ
ਹੁਣ ਇਹ ਮਨ ਆਪੇ ਤੋਂ ਆਕੀ ਹੈ
ਸਬਰ ਦੇ ਨਾਲ ਨਾਲ
ਅਜੇ ਤਾਂ ਆਸ ਦੀ ਚਿਣਗ ਵੀ ਬਾਕੀ ਹੈ
ਜਬਰ ਨਹੀਂ ਕੋਈ ਤੂੰ ਰੱਖ ਆਕੜਾ
ਮੇਰਾ ਤਾਂ ਇਕਰਾਰਨਾਮਾ ਫੇਰ ਵੀ ਪਾਕੀ ਹੈ।

# ਅਫ਼ਸਾਨੇ

ਕੇਰਾ ਤਾਂ ਮੈਂ ਹਰਖ ਜਿਹੇ ਵਿੱਚ ਆ ਕੇ
ਸਭ ਕੁੱਝ ਕਹਿ ਜਾਂਦੀ ਆ
ਖੌਰੇ ਫੇਰ ਪਤਾ ਨਹੀਂ ਕਿਉਂ
ਤੇਰੇ ਮੂਹਰੇ ਆ ਕੇ ਢਹਿ ਜਾਂਦੀ ਆ।

ਇਹ ਚੰਦਰਾ ਮਨ ਚੰਚਲ
ਕਦੇ ਕਦੇ ਡੋਲ ਜਾਂਦਾ
ਜਜ਼ਬਾਤੀ ਇਹ ਦਿਲ
ਖੌਰੇ ਕੀ ਕੀ ਬੋਲ ਜਾਂਦਾ
ਵਿਸ਼ਵਾਸ ਹੈ ਮੈਨੂੰ ਤੇਰੇ ਤੇ
ਤੇ ਭਰੋਸਾ ਇਸ ਹਸੀਨ ਅਫ਼ਸਾਨੇ ਤੇ
ਇਮਤਿਹਾਨ ਇਹ ਸਬਰ ਸਿਦਕ ਦਾ
ਮਾਪ ਨਾ ਕਿਸੇ ਪੈਮਾਨੇ ਤੇ।

## ਜਦੋਂ ਤੂੰ ਮੇਰੀਆਂ ਮੰਨਦਾ ਨਹੀਂ

ਜਦੋਂ ਤੂੰ ਮੇਰੀਆਂ ਮੰਨਦਾ ਨਹੀਂ
ਫਿਰ ਮੈਂ ਤੇਰੀਆਂ ਕਿਉਂ ਮੰਨਾਂ
ਤੇਰੀ ਖਾਤਿਰ ਸੁਫਨਿਆਂ ਨੂੰ
ਮੈਂ ਝੋਕੇ ਦੇ ਵਿੱਚ ਕਿਉਂ ਤੁੰਨਾਂ

ਗਲਤੀ ਤੂੰ ਕਰੇ ਤੇ ਸਮਝੌਤਾ ਮੈਂ ਕਰਾਂ
ਇਹ ਕਿੱਥੋਂ ਦਾ ਅਸੂਲ ਏ
ਦੁਨੀਆ ਕੀ ਕਹਿੰਦੀ
ਮੇਰੇ ਲਈ ਇਹ ਸਭ ਫ਼ਜ਼ੂਲ ਏ

ਜੇ ਪਿਆਰ 'ਚ ਛੱਡ ਦੇਵੇ ਸਾਵਾ ਸੱਟਾ
ਫਿਰ ਜੋ ਤੂੰ ਆਖੇ ਉਹ ਵੀ ਕਬੂਲ ਏ
ਦੱਸ ਪਿਆਰ ਵਿੱਚ ਕੀ ਇਹ ਮਨਜ਼ੂਰ ਏ
ਤਾਂ ਫਿਰ ਦਿਲ ਤੇਰਿਆ ਕਦਮਾਂ ਚ ਹਜ਼ੂਰ ਏ।

## ਮੇਰੇ ਅੰਦਰ ਕਈ ਨੇ ਐਬ ਲੋਕੋਂ

ਮੇਰੇ ਅੰਦਰ ਕਈ ਨੇ ਐਬ ਲੋਕੋਂ
ਇਹ ਗੱਲ ਦੁਨੀਆਂ ਚਿਤਾਰਦੀ ਏ

ਪੂਰੀ ਦੁਨੀਆ 'ਚ ਇੱਥੇ ਮਹਾਨ ਕਿਹੜਾ
ਇਹੋ ਤਾਂ ਗੱਲ ਵਿਚਾਰ ਦੀ ਏ

ਉਂਝ ਹਾਸਾ ਠੱਠਾ ਮਾੜਾ ਨੀਂ ਕਿੱਧਰੇ
ਫੇਰ ਵੀ ਬੋਲਾਂ ਦੀ ਅੱਗ ਹਿਰਦਾ ਸਾੜਦੀ ਏ

ਕਾਹਨੂੰ ਮਾਰਦੀ ਏ ਤਾਹਨੇ ਮਿਹਣੇ ਦੁਨੀਆਂ
ਬੰਦੇ ਨੂੰ ਤਾਂ ਆਕੜ ਬੰਦੇ ਦੀ ਮਾਰਦੀ ਏ।

# ਕਵਿਤਾ

ਅਦਭੁੱਤ ਜਿਹੇ ਵਲਵਲਿਆ ਚੋਂ ਨਿੱਕਲ ਕੇ
ਤੇਰੇ ਤੱਕ ਪਹੁੰਚਣ ਲਈ ਆਸ਼ਾ ਹਾਂ
ਅਭੇਦ ਨੇ ਇਹ ਰੂਹਾਂ
ਇਸੇ ਲਈ ਨਾ ਹੀ ਨਿਰਾਸ਼ਾ ਹਾਂ
ਪੜ੍ਹ ਤਾਂ ਸਹੀ ਮੈਨੂੰ
ਬੜੀ ਸਰਲ ਜਿਹੀ ਭਾਸ਼ਾ ਹਾਂ
ਹੋਰ ਕੁੱਝ ਵੀ ਨਹੀਂ
ਕਵਿਤਾ ਦੀ ਹੀ ਪਰਿਭਾਸ਼ਾ ਹਾਂ।

## ਗ਼ਮਾਂ ਦੇ ਕਾਫ਼ਲੇ

ਗ਼ਮਾਂ ਦੇ ਕਾਫ਼ਲੇ ਨੇ
ਕੁੱਝ ਐਸੀ ਤਰੁਨਮ ਛੇੜੀ ਹੈ
ਇਹ ਜਿੰਦ, ਸਿਸਕੀਆਂ, ਸਾਹ
ਸਾਵੇ ਸੁਫ਼ਨਿਆਂ ਨੇ ਆਣ ਘੇਰੀ ਹੈ।

# ਜਿਸ ਵੇਲੇ ਚੇਤਿਆ ’ਚ ਨਾ ਧੜਕੇ

ਜਿਸ ਵੇਲੇ ਉਹ ਚੇਤਿਆ ’ਚ ਨਾ ਧੜਕੇ
ਅਜਿਹੀ ਚੜ੍ਹੀ ਕੋਈ ਪ੍ਰਭਾਤ ਨਹੀਂ,

ਇੱਕੋ ਦਰ ਤੇ ਬਿਨ ਫ਼ਕੀਰੀ ਤੋਂ ਫ਼ੱਕਰਾਂ
ਹਰ ਦਰ ਤੇ ਮਿਲਦੀ ਖ਼ੈਰਾਤ ਨਹੀਂ,

ਬਰਕਤ ਵੀ ਤਾਂ ਜੇ ਖ਼ੁਦ ਰੱਬ ਦੇਵੇ
ਫਿਰ ਉਸ ਤੋਂ ਵੱਡੀ ਕੋਈ ਸੌਗ਼ਾਤ ਨਹੀਂ,

ਦਿਲ ਦੀ ਗੱਲ ਜੇ ਉਹ ਸਿੱਧੀ ਆਖੇਂ
ਤਾਂ ਇਹਦੇ ਵਰਗੀ ਵੀ ਕੋਈ ਬਾਤ ਨਹੀਂ,

ਪਰ ਉਹ ਕਿਉਂ ਪੁੱਛੇ ਜਾਂ ਦੱਸੇ ਹਾਲ ਤੈਨੂੰ
ਰਿੰਪੀ ਹਾਲੇ ਤੇਰੀ ਔਕਾਤ ਨਹੀਂ।

## ਹਵਾ ਆਵੇ ਤੇ

ਹਵਾ ਆਵੇ ਤੇ
ਮੁੱਖ ਉੱਧਰ ਨੂੰ ਕਰ ਲਵਾ
ਮੈਂ ਕੋਈ ਟਾਹਣੀਓ ਟੁੱਟਾਂ
ਪੱਤਾ ਤਾਂ ਨਹੀਂ।

## ਅਬਦਾਨ ਸਨਿੰਆਸੀ ਹੋ ਰਿਹਾ

ਅਬਦਾਨ ਸਨਿੰਆਸੀ ਹੋ ਰਿਹਾ
ਜੇ ਤੂੰ ਜ਼ਰਾ ਖ਼ਿਆਲ ਕਰੇ

ਕਲੇਜਾ ਤਪ ਵਿੱਚ ਵਿਲਕ ਰਿਹਾ
ਹੁਣ ਇਸ ਨੂੰ ਰੋਜ਼ ਤਾਪ ਚੜ੍ਹੇ

ਤਪਸ਼ ਜੋ ਮਿਹਣਾ ਮਾਰ ਰਹੀ
ਨਿੱਤ ਹਿਜ਼ਰ ਦੀ ਸੂਲ ਚੜ੍ਹੇ

ਤਪੱਸਿਆ ਰੂਹ ਨੂੰ ਪਿੰਜ ਰਹੀ
ਰੋਜ਼ ਤੇਰਾ ਹੀ ਧਿਆਨ ਧਰੇ

ਅਕੀਦਾ ਹਰਫ਼ ਨੀਰਾ ਦੇ ਲਿਖ ਰਿਹਾ
ਤੇਰੇ ਨਾਂ ਦਾ ਰੋਜ਼ ਜਾਪ ਕਰੇ।

# ਅਸੀਂ ਆਸ਼ਿਕ ਤੇਰੇ ਹੋਇਓ ਆ

ਅਸੀਂ ਆਸ਼ਿਕ ਤੇਰੇ ਹੋਇਓ ਆ
ਤੈਨੂੰ ਬੇਵਫ਼ਾ ਅਸੀਂ ਨਹੀਂ ਕਹਿਣਾ

ਅਸੀਂ ਆਸ਼ਿਕ ਤੇਰੇ ਹੋਇਓ ਆ
ਪਰ ਯਾਰਾਂ ਤੇਰੇ ਬਿਨ ਨਹੀਂ ਰਹਿਣਾ

ਅਸੀਂ ਆਸ਼ਕ ਤੇਰੇ ਹੋਇਓ ਆ
ਹੁਣ ਨਾਲ ਤੇਰੇ ਅਸਾਂ ਨਹੀਂ ਖਹਿਣਾ

ਅਸੀਂ ਆਸ਼ਕ ਤੇਰੇ ਹੋਇਓ ਆ
ਹੁਣ ਢੇਰੀ ਢਾਹ ਕੇ ਨਹੀਂ ਬਹਿਣਾ

ਅਸੀਂ ਆਸ਼ਕ ਤੇਰੇ ਹੋਇਓ ਆ
ਮੰਦਾ ਬੋਲ ਅਸਾਂ ਹੁਣ ਨਹੀਂ ਕਹਿਣਾ।

## ਨਜ਼ਾਕਤ ਦੇ ਅਵਤਾਰ

ਨਜ਼ਾਕਤ ਦੇ ਅਵਤਾਰ
ਇਹ ਮੱਥੇ ਦੀਆ ਆਸਾਂ ਨੇ
ਮਹਿਰਮ ਏ ਇਸਰਾਰ
ਇਹ ਦਿਲ ਦੀਆ ਬਾਤਾਂ ਨੇ
ਆਬ ਏ ਦੀਦ ਇਹ
ਅੱਖਾਂ ਦੀਆ ਬਾਤਾਂ ਨੇ
ਵਾਹ ਓ ਖ਼ੁਦਾ ਤੇਰੀਆਂ
ਅਲੌਕਿਕ ਕਰਾਮਾਤਾਂ ਨੇ।

## ਹਾਂ ਮੈਂ ਤੈਨੂੰ

ਹਾਂ ਮੈਂ ਤੈਨੂੰ ਪਿਆਰ ਕਰਦੀ ਹਾਂ
ਖ਼ੁਦ ਚੋਂ ਤੇਰਾ ਦੀਦਾਰ ਕਰਦੀ ਹਾਂ
ਮੈਂ ਇਹੋ ਗੱਲ ਵਾਰ ਵਾਰ ਕਰਦੀ ਹਾਂ
ਕਿ ਹਾਂ ਮੈਂ ਤੈਨੂੰ ਪਿਆਰ ਕਰਦੀ ਹਾਂ

ਹਾਂ ਮੈ ਸਜਦੇ ਲੱਖ ਹਜ਼ਾਰ ਕਰਦੀ ਹਾਂ
ਮੈਂ ਤਮਾਮ ਖ਼ੁਆਹਿਸ਼ਾ ਤੋਂ ਇਨਕਾਰ ਕਰਦੀ ਹਾਂ
ਮੈਂ ਤੇਰੇ ਹੋਣ ਦਾ ਅਹੰਕਾਰ ਕਰਦੀ ਹਾਂ
ਮੈਂ ਤੇਰਾ ਆਖਿਆ ਸਵੀਕਾਰ ਕਰਦੀ ਹਾਂ
ਹਾਂ ਮੈਂ ਤੈਨੂੰ ਪਿਆਰ ਕਰਦੀ ਹਾਂ

ਹਾਂ ਮੈਂ ਤੇਰਾ ਇਤਬਾਰ ਕਰਦੀ ਹਾਂ
ਮੈਂ ਤੇਰਾ ਸਤਿਕਾਰ ਕਰਦੀ ਹਾਂ
ਮੈਂ ਤੇਰਾ ਹੀ ਇੰਤਜ਼ਾਰ ਕਰਦੀ ਹਾਂ
ਜਨਮਾਂ ਜਨਮਾਂ ਦਾ ਇਕਰਾਰ ਕਰਦੀ ਹਾਂ
ਹਾਂ ਮੈਂ ਤੈਨੂੰ ਪਿਆਰ ਕਰਦੀ ਹਾਂ

ਹਾਂ ਮੈਂ ਖ਼ੁਦ ਤੇ ਹੀ ਉਪਕਾਰ ਕਰਦੀ ਹਾਂ
ਮੈਂ ਇਹੋ ਇਜ਼ਹਾਰ ਕਰਦੀ ਹਾਂ
ਮੈਂ ਇਹੋ ਗੱਲ ਵਾਰ ਵਾਰ ਕਰਦੀ ਹਾਂ
ਕਿ ਹਾਂ ਮੈਂ ਤੈਨੂੰ ਪਿਆਰ ਕਰਦੀ ਹਾਂ।

# ਪਤਾ ਮੈਨੂੰ

ਪਤਾ ਮੈਨੂੰ ਕਿੰਝ ਹਟਕੋਰੇ ਲੈ ਲੈ
ਸਹਿਕਦਿਆਂ-ਸਹਿਕਦਿਆਂ ਰਾਤ ਲੰਘਾਈ ਤੂੰ

ਖ਼ੌਫ਼ ਪਛਤਾਵੇ ਚੇਤੇ ਕਰ ਕੇ
ਫਿਰ ਹੰਝੂਆ ਦੀ ਬਰਸਾਤ ਕਰਾਈ ਤੂੰ

ਚਿਹਰੇ ਤੇ ਹਾਸੇ ਗ਼ਮ ਛੁਪਾ ਕੇ
ਦੱਸ ਖ਼ੁਦ ਤੇ ਕਿੰਝ ਹੰਡਾਈ ਤੂੰ

ਤੜਫ਼ ਦੀ ਅੱਗ ਜੋ ਬਲਦੀ ਸੀਨੇ
ਦੱਸ ਫਿਰ ਕਿੰਝ ਬੁਝਾਈ ਤੂੰ ?

# ਦਰਦ ਇਸ਼ਕੇ ਦਾ

ਆਮੀਨ ਕਹਿ ਰਹਿਬਰ ਦੇ ਲਫ਼ਜ਼ਾਂ 'ਚੋਂ
ਫ਼ਕੀਰੀ ਨੂੰ ਟੋਲ਼ਦਾ
ਗ਼ਮਗੀਨ ਜਿਹੇ ਸੁਰਮਈ ਖ਼ੁਆਬਾਂ 'ਚੋਂ
ਪੈਗ਼ਾਮਾ ਨੂੰ ਖੋਲਦਾ
ਰੰਗੀਨ ਇਹ ਦਰਦ ਇਸ਼ਕੇ ਦਾ
ਹਾਸਿਆਂ ਚੋਂ ਬੋਲਦਾ।

# ਕੋਈ ਨਹੀਂ ਸੀ ਜਾਣਦਾ

ਕੋਈ ਨਹੀਂ ਸੀ ਜਾਣਦਾ ਤੇਰੇ ਦਿਲ ਵਿੱਚ ਚੋਰ ਸੀ
ਦੇਖਿਆਂ ਮੈ ਕਿ ਤੇਰੇ ਹੱਥਾਂ ਵਿੱਚ ਹੱਥ ਕਿਸੇ ਦਾ ਹੋਰ ਸੀ

ਅਨਜਾਣ ਸੀ ਮੈਂ ਪਿਆਰ ਦੇ ਵਪਾਰੀਆਂ ਦੇ ਸ਼ਹਿਰ ਅੰਦਰ
ਲੱਭਿਆ ਨਾ ਰਾਸਤਾ ਮੈਨੂੰ ਹਰ ਪਾਸੇ ਹਨੇਰਾ ਘੋਰ ਸੀ

ਨਾਦਾਨ ਸੀ ਮੈਂ ਸੱਚ ਦੇ ਸਮੇਂ ਦੀ ਉਡੀਕ 'ਚ ਤੁਰਦੀ ਰਹੀਂ
ਪਰ ਇੱਥੇ ਤਾਂ ਝੂਠ ਫ਼ਰੇਬ ਤੇ ਤੁਹਮਤਾਂ ਦਾ ਜ਼ੋਰ ਸੀ

ਅਟਕ ਗਈ ਹੈ ਇੱਕ ਤਸਵੀਰ ਜ਼ਿਹਨ ਵਿੱਚ ਮੇਰੇ
ਸਨਾਟਾ ਸੀ ਹਰ ਪਾਸੇ ਪਰ ਮਨ ਮੇਰੇ ਵਿੱਚ ਸ਼ੋਰ ਸੀ।

## ਜਿਸਦੇ ਹਰ ਫ਼ੈਸਲੇ ਨੂੰ

ਜਿਸਦੇ ਹਰ ਫ਼ੈਸਲੇ ਨੂੰ ਮੈ ਸਵੀਕਾਰ ਕੀਤਾ
ਉਸ ਨੇ ਹੀ ਮੇਰੇ ਇਤਬਾਰ ਦਾ ਅਪਮਾਨ ਕੀਤਾ

ਦੋਜਖ ਬਣਾ ਕੇ ਮੇਰੀ ਜ਼ਿੰਦਗੀ
ਮੈਨੂੰ ਹੀ ਬਦ ਹਾਲ ਤੇ ਬਦਨਾਮ ਕੀਤਾ

ਪ੍ਰਵਾਹ ਨਾ ਕੀਤੀ ਰਤਾ ਭਰ
ਪਿਆਰ ਮੇਰੇ ਨੂੰ ਸ਼ਰੇਆਮ ਨੀਲਾਮ ਕੀਤਾ

ਸੌਦਾ ਕਰ ਰੱਬੀ ਰਿਸ਼ਤਿਆਂ ਦਾ
ਦੱਸ ਤੂੰ ਕਿਹੜਾ ਅਹਿਸਾਨ ਕੀਤਾ ?

## ਵਾਰਤਾਲਾਪ- ਪੌਣ ਪਾਣੀ ਨੂੰ ਪੁੱਛਦੀ

ਪੌਣ ਪਾਣੀ ਨੂੰ ਪੁੱਛਦੀ ਕੀ ਬਿਰਹੇ ਦਾ ਹਾਲ
ਵਿੱਚ ਫ਼ਿਜਾਵਾ ਮਿਲ ਕੇ ਇੱਕੋ ਹੀ ਤਾਂ ਚਾਲ

ਲਹਿਰ ਨੂੰ ਜਦ ਬਹਿਰ ਮਿਲੇ
ਫਿਰ ਇੱਕੋ ਸੁਰ-ਸੰਗਮ ਤੇ ਇੱਕੋ ਹੀ ਸੁਰ-ਤਾਲ

ਕਹਿਰ ਕੁਦਰਤੀ ਉਹ ਜਾਣੇ ਤੇ ਹੱਥ ਦੇ ਕੇ ਉਹ ਰੱਖਦਾ
ਪਰ ਜੱਗ ਮੂਹਰੇ ਬਣ ਜਾਊ ਮੈਂ ਤੇਰੀ ਢਾਲ

ਝੀਲੋਂ ਨਦੀ ਤੇ ਨਦੀਓ ਸਾਗਰ ਬਣ-ਬਣ ਮਿਲਦੇ
ਤੂੰ ਮੈਂ ਮਛਲੀ ਤੇ ਦੁਨੀਆ ਹੈ ਜਾਲ

ਧੜਕਣ ਆਕਾਸ਼ੋ ਗੂੰਜਦੀ ਤੇ ਟੁੰਬੇ ਦਿਲ ਨੂੰ ਤਾਰ
ਰੂਹ ਨੂੰ ਜਦ ਰੂਹ ਮਿਲੇ ਹੋਰ ਦੱਸ ਫਿਰ ਕਾਹਦੀ ਭਾਲ।

# ਅਚਨਚੇਤ ਜਦ ਟੁੰਬਕੇ

ਅਚਨਚੇਤ ਜਦ ਟੁੰਬਕੇ
ਦਿਲ ਨੂੰ ਕੋਈ ਤਾਰ

ਫਿਰ ਟਾਲੇ ਕਿਹੜਾ ਹਾਣੀਆਂ
ਇਹ ਵਕਤਾ ਦੀ ਮਾਰ

ਪਰ ਝੱਲ ਨਾ ਹੋਇਆਂ ਹਾਣੀਆਂ
ਇਹ ਜਜ਼ਬਾਤਾ ਦਾ ਭਾਰ

ਜੇ ਸਮਝ ਨਾ ਸਕਾਂ ਚੁੱਪ ਨੂੰ
ਕੀ ਇਹੋ ਮੇਰੀ ਹਾਰ ?

ਤਾਂ ਦੱਸ ਫਿਰ ਕਿਵੇਂ ਨਾ
ਲਵਾਂ ਮੈਂ ਤੇਰੀ ਸਾਰ ?

# ਜਿੰਦੜੀਏ

ਜਿੰਦੜੀਏ ਜਿੰਦ ਇਹ ਬੁਲਬੁਲਾ ਪਾਣੀ ਦਾ
ਦੁਨੀਆਂ ਕੀ ਜਾਣੇ ਰੁਤਬਾ ਰੂਹ ਦੇ ਹਾਣੀ ਦਾ।

ਇੱਕ ਤਨਹਾ ਤੇਰੇ ਸਾਹਾਂ ਦੀ ਮੈਂ ਚਕੋਰ
ਤੂੰ ਫ਼ੰਬਾ ਹਰ ਰੁੱਤ ਦਾ ਜਿਹੜਾ ਕਰੇ ਸਦਾ ਟਕੋਰ।

ਸੱਜਣਾਂ ਦੇ ਬੋਲ ਸਲੋਕਾ ਵਰਗੇ ਜੋ ਮੈਂ ਖ਼ੁਦ ਆਪ ਸੁਣੇ ਨੇ
ਨਵੇਂ ਖ਼ਿਆਲ ਦੀ ਓਟ ਨੂੰ ਤੱਕ ਕੇ ਚਾਨਣ ਵਰਗੇ ਖ੍ਵਾਬ ਬੁਣੇ ਨੇ।

ਸਜਦਾ ਉਹਨਾ ਸੱਜਣਾਂ ਨੂੰ ਜਿਹੜੇ ਹਾਸਿਆਂ ਵਿੱਚ ਗ਼ਮ ਛੁਪਾ ਲੈਂਦੇ
ਗੁਲਾਮ ਨਹੀਂ ਸੋਹਣੀਆਂ ਸੂਰਤਾ ਦੇ ਪਰ ਸੀਰਤਾਂ ਨੂੰ ਮੁਰੀਦ ਬਣਾ ਲੈਂਦੇ।

ਜਿੰਦੜੀਏ ਜ਼ਿੰਦਗੀ ਨਾਲ ਗਿਲਾ ਨਾ ਕਰੀਏ ਨਾਂ ਸੱਜਣਾਂ ਨਾਲ ਰੋਸੇ
ਛੱਡ ਫਿਕਰਾ ਚੱਲ ਮਾਣੀਏ ਅੱਜ ਨੂੰ ਬਾਕੀ ਛੱਡੀਏ ਰੱਬ ਭਰੋਸੇ।

ਕੁੱਲ ਕਾਇਨਾਤ ਕਰੇ ਦੁਆਂਵਾ ਨਾਲੇ ਸ਼ੁੱਭ ਇੱਛਾਵਾਂ
ਕਦਮ ਕਦਮ ਇਹ ਸਾਥ ਸਾਹਾਂ ਦਾ ਚਾਹੇ ਲੰਮੀਆ ਰਾਹਵਾਂ।

ਜਿਵੇਂ ਮਕਸਦ ਬਿਨਾਂ ਜ਼ਿੰਦਗੀ ਦਾ ਲਕਸ਼ ਨਹੀਂ
ਇਓਂ ਤੇਰੇ ਬਿਨਾਂ ਮੇਰਾ ਅਕਸ ਨਹੀਂ।

ਅਕਸ ਤੇਰਾ ਮੈਂ ਵੇਖ ਲਿਆ ਤੱਕ ਕੇ ਰੂਹ ਦੇ ਹਾਣੀ ਨੂੰ
ਮੇਰੀ ਹਰ ਰਗ ਗਦ-ਗਦ ਹੋ ਗਈ ਸੁਣ ਕੇ ਰੂਹ ਦੇ ਹਾਣੀ ਨੂੰ।

ਅੱਜ ਕਿਹੜੀ ਘੜੀ ਸੁਲੱਖਣੀ ਤੇਰੇ ਵਰਗੀ ਨਿਕਲੀ ਧੁੱਪ
ਵੇ ਇਹ ਮੈਂ ਨਹੀਓਂ ਬੋਲਦੀ ਬੋਲੇ ਅੰਦਰੋਂ ਤੇਰੀ ਚੁੱਪ।

# ਸਿਫ਼ਤ

ਜਦੋਂ ਦਾ ਤੂੰ ਮਿਲਿਆਂ
ਇਹ ਜਗ ਸਾਰਾ ਸ਼ਰਾਫ਼ਤ ਹੋ ਗਿਆ
ਰਮਜ਼ਾਂ ਕੁੱਝ ਐਸੀਆਂ ਤਮੰਨਾ ਕੀ ਰਹਿਣੀ
ਤੂੰ ਤਾਂ ਸੱਜਣਾਂ ਇਬਾਦਤ ਹੋ ਗਿਆ।

ਖਿੜੀਆਂ ਰਹਿਣ ਇਹ ਮਨ ਦੀਆਂ ਕਲੀਆਂ
ਸਦਾ ਹੱਸਦਾ ਰਹੇ ਸਰਦਾਰਾ
ਮਹਿਕਣ ਮੁਹੱਬਤਾਂ ਦਿਲ ਦੇ ਵਿਹੜੇ
ਸਦਾ ਲੱਗੀਆ ਰਹਿਣ ਬਹਾਰਾਂ

ਬਹਾਰਾਂ ਦੀ ਸ਼ੋਖ ਅਦਾ ਕੀ
ਤੇਰੇ ਆਖੇ ਤਾਂ ਪਾਣੀ ਵੀ
ਉੱਚੀਆ ਥਾਂਵਾਂ ਵੱਲ ਮੁੜ ਜਾਂਦੇ ਨੇ
ਤੇਰੀ ਸਿਫ਼ਤ ਲਈ ਤਾਂ ਸੱਜਣਾਂ
ਲਫ਼ਜ਼ ਵੀ ਥੁੜ ਜਾਂਦੇ ਨੇ।

ਬਲੌਰ ਜਿਹੇ ਆਬਾਂ ਤੋਂ ਸੁਰਖ਼ ਗੁਲਾਬਾਂ ਤੋਂ
ਰੰਗ ਅਦਾਵਾਂ ਜਿਹੀ ਸੋਹਣੀ ਮੁਸਕਾਨ ਤੇਰੀ
ਇੱਕ ਕਲਾ ਤੇਰੀ ਇੱਕ ਅਦਾ ਤੇਰੀ
ਜਿੰਦ ਜਾਨ ਇਹਦੇ ਤੇ ਫ਼ਿਦਾ ਮੇਰੀ।

ਕਾਦਰ ਦੀ ਕੁਦਰਤ ਵਿਸਮਾਦ ਅਦਾ
ਬਿਰਹੋਂ ਦਾ ਮਿੱਠਾ ਰਾਗ ਅਲਾਪੇ ਸ਼ੋਖ਼ ਹਵਾ
ਵਫ਼ਾ ਦਾ ਅਹਿਦ ਹਮਦਮ ਉਹ ਮਣਕ-ਮੋਤੀ
ਸਹਿਵਾਸ ਸਲੀਕੇਦਾਰੀਆ ਸਦਾ ਮਿਹਰਬਾਨ ਹੈ ਖ਼ੁਦਾ
ਅਰਜ਼ੋਈ ਹੈ ਇੱਕ ਦਿਲਬਰ ਬਸ ਹੋਵੀ ਨਾ ਜੁਦਾ।

## ਨੂਰ ਪਹਿਰ

ਨੂਰ ਪਹਿਰ ਦੇ ਤੜਕੇ ਵਰਗਾ
ਤੇਰਾ ਮੁੱਖ ਸੋਹਣਿਆਂ ਯਾਰਾਂ
ਇੱਕ ਤੇ ਪੋਹ ਮਾਘ ਦੀਆ ਰੁੱਤਾਂ
ਦੂਜਾ ਵਗਣ ਸੀਤ ਹਵਾਵਾਂ

ਦੇਸ ਤੇਰੇ ਦੇ ਲੰਮੜੇ ਪੈਂਡੇ
ਪਿੰਡ ਤੇਰੇ ਦੀਆਂ
ਜੰਨਤ ਵਰਗੀਆਂ ਰਾਹਵਾਂ

ਖੁਸ਼ਬੋ ਰਾਹਾ ਦੀ ਘੁਲ ਜਾਵੇ
ਇਤਰ ਬਣ ਕੇ ਵਿੱਚ ਸਾਹਵਾਂ
ਇੱਕ ਤੇ ਭੈੜਾ ਹਿਜਰ ਵੇ ਹਾੜਾ
ਦੱਸ ਕਿਹਨੂੰ ਹਾਲ ਸੁਣਾਵਾਂ।

## ਅਕਾਸ਼ ਪੌਣ ਫ਼ਿਜਾਵਾਂ

ਅਕਾਸ਼ ਪੌਣ ਫ਼ਿਜਾਵਾਂ ਦੇ ਮਸਤ ਰੰਗਾਂ ਸੰਗ ਰਹਿਣਾ ਏ
ਸੀਰਤ ਅਦਬ ਸਲੀਕਾ ਸੱਜਣਾਂ ਇਹੋ ਹੀ ਗਹਿਣਾ ਏ।

ਆਹਨਦਿਲ ਆਜ਼ਰ ਤੂੰ ਰੂੰ-ਫ਼ਰਾਖੀ ਅਜੇ ਤੈਨੂੰ ਮੈਂ ਕਹਿਣਾ ਏ,
ਹਿਲਮ ਹਸਤ ਨਾਲ ਕਰਕੇ ਆਬਰੂ ਤੇਰੇ ਸੰਗ ਮੈਂ ਰਹਿਣਾ ਏ।

## ਖ਼ਿਆਲ

ਤ੍ਰਿਕਾਲਾਂ ਦੇ ਵੇਲੇ
ਇੱਕ ਖ਼ਿਆਲ ਆਇਆ ਹੈ
ਸ਼ਾਂਤ ਹੈ ਕਾਇਨਾਤ
ਪਰ ਦਿਲ ਵਿੱਚ ਸ਼ੋਰ ਮਚਾਇਆ ਹੈ।

ਢਲਦੇ ਸੂਰਜ ਦੇ ਰੂਪ ਵਿੱਚ
ਦਿਸਿਆ ਜ਼ਿੰਦਗੀ ਦਾ ਸਰਮਾਇਆ ਹੈ
ਉਦਾਸੀ ਦੱਸਦੀ ਹੈ ਤੇਰੀ
ਕਿ ਮਸਲਾ ਅਜੇ ਤੂੰ ਵੀ ਨਹੀਂ ਸੁਲਝਾਇਆ ਹੈ।

ਇਲਮ ਨਹੀਂ ਮੈਨੂੰ
ਪਰ ਤੇਰੇ ਇਸ਼ਾਰਿਆ ਨੇ ਕੁੱਝ ਤਾਂ ਸਮਝਾਇਆ ਹੈ
ਬੋਲਣ ਦੀ ਦੇਰ ਹੈ
ਕਿਉਂ ਤੂੰ ਜਜ਼ਬਾਤਾ ਨੂੰ ਦਫ਼ਨਾਇਆ ਹੈ।

## ਮਸ਼ਾਲ ਹਾਂ ਰੌਸ਼ਨੀ ਦੀ

ਮਸ਼ਾਲ ਹਾਂ ਰੌਸ਼ਨੀ ਦੀ
ਤੇਰੇ ਹਰ ਰਾਹ ਵਿੱਚ ਜਗ-ਮਗਾਵਾਂਗੀ

ਪੈੜ ਨਹੀਂ ਹਾਂ ਕੋਈ ਕਿ
ਰਸਤੇ 'ਚ ਛੱਡ ਕੇ ਤੁਰ ਜਾਵਾਂਗੀ

ਨਜ਼ਮ ਨਜ਼ਮ ਜੋ ਰਿਸ਼ਤਾ
ਨਗ਼ਮਿਆਂ 'ਚ ਦੁਹਰਾਵਾਂਗੀ

ਹੋਣ ਲੱਖ ਤਕਰਾਰ ਭਾਵੇਂ
ਫਿਰ ਵੀ ਹਰ ਪਲ ਸਾਥ ਨਿਭਾਵਾਂਗੀ।

## ਕੁੱਝ ਸਾਲ ਪਹਿਲਾਂ

ਕੁੱਝ ਸਾਲ ਪਹਿਲਾਂ
ਮੈਂ ਕਿਸੇ ਦਾ ਖ਼ੁਆਬ ਨਹੀਂ ਸੀ
ਯਾਦਾਂ ਉਹਦੀਆ 'ਚ ਅਬਾਦ ਨਹੀਂ ਸੀ
ਬਿਨ ਲ਼ਫਜ਼ੋ ਕੋਈ ਕਿਤਾਬ ਨਹੀਂ ਸੀ
ਇਹ ਇਸ਼ਕ ਬੇਹਿਸਾਬ ਨਹੀਂ ਸੀ।

# ਅੱਖੀਆਂ ਦੇ ਵਿੱਚ ਤਾਰੇ

ਇਹਨਾਂ ਅੱਖੀਆਂ ਦੇ ਵਿੱਚ ਜਗਦੇ ਤਾਰੇ ਨਹੀਂ
ਇਹ ਤਾਂ ਕੋਈ ਸੂਰਜ ਅਲਖ ਜਗਾ ਰਿਹਾ ਹੈ

ਪੈਗ਼ੰਬਰਾਂ ਦੀ ਅੰਬਾਰ ਅਕੀਦਤ 'ਚ ਚੂਰ
ਰੱਬੀ ਵਿਸਮਾਦ ਦਾ ਚੋਖਾ ਇਲਮ ਪੜ੍ਹਾ ਰਿਹਾ ਹੈ

ਅਕੀਦਾ ਮੌਨ ਦੀ ਫਿਜ਼ਾ 'ਚ ਖ਼ੁਮਾਰ
ਮਹਾਂਕਾਵਿ ਦਾ ਅਲਾਪ ਸੁਣਾ ਰਿਹਾ ਹੈ

ਚਿਣਗ ਹੈ ਤੈਨੂੰ ਸ਼ਹਾਬ ਦੀ ਨਾਦ ਵਿੱਚੋਂ
ਤਾਂਹੀ ਤਾਂ ਇਹ ਮੁੱਖ ਤੈਨੂੰ ਭਾ ਰਿਹਾ ਹੈ।

## ਵਿੱਥਿਆ

ਟਿਕੀ ਦਪਿਹਰੇ ਦੇਖਾਂ ਕਹਿਕਸ਼ਾ ਵੇ ਰੱਬ ਰੰਗਿਆ
ਰਾਤੀਂ ਦੇਖਾ ਜਾਹੋ-ਜਲਾਲ ਜਹਾਨ
ਟਿਕੀ ਦੁਪਹਿਰੇ ਇਹ ਕੱਤੇ ਦੀ ਪੌਣ
ਰਾਤ ਦੀ ਪਹਿਰੇ ਹਮਕਲਮ ਚੰਨ ਨਾ ਦੇਵੇ ਸੌਣ
ਇਹ ਚੰਨ ਹੈ ਤੇਰੇ ਨੂਰ ਜਿਹਾ
ਨੈਣਾਂ ਵਿਚਲੇ ਸਰੂਰ ਜਿਹਾ
ਥੋੜ੍ਹਾ ਰੂਪ ਗੁਮਾਨੀ
ਥੋੜ੍ਹਾ ਜਵਾਨੀ ਦੇ ਗਰੂਰ ਜਿਹਾ

ਚੰਦਾਕੀ ਚੰਨ ਦੀ ਗਵਾਹੀ ਦੇ ਰਹੀ
ਅਜ਼ਲਾਂ ਤੋਂ ਹੈ ਰਾਬਤਾ ਸਾਡੇ ਦਰਮਿਆਨ
ਇਹ ਬਦਲੀਆਂ ਹੁੰਗਾਰੇ ਦੇ ਰਹੀਆਂ
ਅੰਬਰ ਤਾਰੇ ਵੀ ਹੋਏ ਸਾਡੇ ਰਾਜ਼ਦਾਨ
ਤੇ ਸੁਣਾ ਰਹੇ ਅਨੋਖੀ ਦਾਸਤਾਨ
ਜੋ ਮਰਕਜ਼ ਹਨ ਤੇਰੇ
ਮੇਰੇ ਹਰ
ਵਿਸਮਾਦਮਈ ਸਵੱਈਏ।

# ਰੰਗ ਮੰਡਲ

ਆਪਣੇ ਸੁਰ ਦੀ ਸੁਰਤ ਵਿੱਚ
ਨਾ ਆਕ੍ਰਿਤੀਆਂ ਨਾ ਪ੍ਰਕ੍ਰਿਤੀਆਂ
ਨਾ ਰਾਤਾਂ ਨਾ ਬਾਤਾਂ
ਨਾ ਬਰਸਾਤਾਂ ਨਾ ਜਜ਼ਬਾਤਾਂ
ਨਾ ਲਕੀਰਾਂ ਨਾ ਤਕਦੀਰਾਂ
ਮਨ ਦੇ ਸੂਖਮ ਸ਼ੋਰ ਸਨਾਟੇ ਤੋਂ ਪਰ੍ਹੇ
ਰੂਹ ਦੀਆਂ ਪਰਤਾਂ ਛਾਣ-ਛਾਣ
ਪ੍ਰਤੱਖ ਖ਼ਾਮੋਸ਼ੀ ਦੇ ਸਮੁੰਦਰ 'ਚ
ਅੰਬਰ ਧਰਤੀ ਸਮੇਟ ਕੇ
ਬ੍ਰਹਿਮੰਡੀ ਦੇਹ ਨੂੰ ਪ੍ਰਕਾਸ਼ ਕਰ ਰਿਹਾ
ਮੇਰੇ ਖ਼ੁਆਬਾਂ ਦਾ ਰੰਗ ਮੰਡਲ।

## ਚੜ੍ਹਦੀਕਲਾ

ਦਿਲਬਰਾਂ ਦੀ ਦਿਲਕਸ਼ੀ ਵਿੱਚ
ਖ਼ੁਦਾ ਤੇਰੀ ਖ਼ੁਦਾਈ ਰਹੇ

ਪਵਿੱਤਰ ਪ੍ਰੀਤ ਤੇ ਹਰ ਇਬਾਦਤ 'ਚ
ਪਾਕ ਰੂਹ ਤੇ ਸਦਾ ਦਿਲ ਰੁਬਾਈ ਰਹੇ

ਜਿਹਦੇ ਵਿੱਚ ਰਹਿਣ ਬਰਕਤਾਂ
ਸਦਾ ਉਹ ਨੇਕ ਕਮਾਈ ਰਹੇ

ਅਰਜੋਈ ਇਹ ਦਿਲਾਂ ਵਾਲ਼ਿਆਂ ਦੀ
ਹਰ ਵਰ੍ਹੇ ਚੜ੍ਹਦੀਕਲਾ ਨਾਲ ਸਦਾ ਚੜ੍ਹਾਈ ਰਹੇ।

# ਬਾਬਾ

ਸਾਦੇ ਖਾਣੇ ਸਾਦੇ ਬਾਣੇ ਰੂਹਦਾਰ ਫ਼ਕੀਰੀ
ਰਿਸ਼ਤੇ ਨਿਭਾਉਣ ਦੀ ਦੇ ਗਿਓ ਅਮੀਰੀ
ਤੇਰੀ ਸੋਭਾ ਤੇਰੀ ਉਸਤਤ
ਤੇਰੇ ਨਾਲ ਸੀ ਹਰ ਦੁੱਖ ਹਰ ਸੁੱਖ
ਕੀ ਕਰਨਾ ਮੰਦਿਰ ਕੀ ਕਰਨਾ ਕਾਬਾ
ਰੱਬ ਦੇ ਵਰਗਾ ਸਾਡਾ ਬਾਬਾ।

ਢਾਬ ਨਿਆਈਆ ਜੋ ਸੀ ਦੂਣੇ
ਵੰਡਣ ਮਗਰੋਂ ਰਹਿ ਗਏ ਊਣੇ
ਮਾਂ ਪਿਓ ਨਾਲ ਹੀ ਹੁੰਦੇ ਵਿਹੜੇ
ਰਹਿਣ ਸਦਾ ਹਰ ਘਰ ਸੁੱਖ ਖੇੜੇ
ਲੈ ਕੇ ਤੁਰ ਗਿਓ ਸਾਂਝਾ ਛਾਬਾ
ਕੀ ਕਰਨਾ ਮੰਦਿਰ ਕੀ ਕਰਨਾ ਕਾਬਾ
ਰੱਬ ਦੇ ਵਰਗਾ ਸਾਡਾ ਬਾਬਾ।

# ਬੇਬੇ

ਸਲਾਮਤ ਅੱਜ ਵੀ ਬਰਕਤਾਂ
ਬੰਨ੍ਹਿਆ ਥਪਾਕ ਦਾ ਥੰਮ ਤੂੰ ਬੇਬੇ
ਕਾਦਰ ਵੀ, ਕੁਦਰਤ ਵੀ, ਕਰਤਾਰ ਵੀ
ਪਾਕੁ ਦੀ ਪਾਤਰ ਪ੍ਰਤਾਪ ਤੂੰ ਬੇਬੇ
ਹਰ ਗੱਲ ਤੇਰੀ
ਪਹੁ ਫੁੱਟਦੀ ਦੇ ਚਾਨਣ ਵਰਗੀ
ਧੁੱਪ ਦੇ ਨਿੱਘ ਨੂੰ ਮਾਨਣ ਵਰਗੀ
ਝਿੜਕ ਵੀ ਲੱਗਦੀ ਚਾਅ ਵਰਗੀ
ਲੱਗਦਾ ਧੁਰ ਤੋਂ ਆਈ ਦੁਆ ਵਰਗੀ।

# ਹਰ ਯੁੱਗ

ਹਰ ਯੁੱਗ ਬਹਾਰਾਂ ਤੇ ਰਹੇ ਹਰ ਰਾਹ ਰੌਸ਼ਨ
ਭੈਣਾਂ ਰੱਖੀਆਂ ਅਟੁੱਟ ਪਿਆਰ ਦੀਆਂ ਜ਼ੰਜੀਰੀਆਂ ਨੇ
ਭਾਵੇਂ ਧੀਆਂ ਨਿਭਾਉਂਦੀਆਂ ਹਰ ਰਿਸ਼ਤੇ ਨਿਰਮਲ ਮਨੋਂ
ਪਰ ਭਰਾਵਾਂ ਬਾਝੋਂ ਨਾਂ ਹੁੰਦੀਆਂ ਗੂੜ੍ਹੀਆਂ ਸਕੀਰੀਆਂ ਨੇ।

## ਕੁੜੀਆਂ-1

ਫ਼ਜਰ ਵੇਲੇ ਇਹ ਸੁਖਮਨੀ ਗਉੜੀ
ਅਨਹਦ ਨਾਦ ਵਜਾਉਂਦੀਆਂ ਨੇ
ਪਿੰਡ ਮੇਰੇ ਦੀਆਂ ਕੁੜੀਆਂ ਚਿੜੀਆਂ
ਰਾਤਾਂ ਨੂੰ ਸੋਹਿਲੇ ਗਾਉਂਦੀਆਂ ਨੇ।

ਇਹ ਪ੍ਰਭਾਤ ਦੀਆਂ ਰਾਣੀਆਂ ਨੇ
ਪੜ੍ਹਦੀਆਂ ਬਾਣੀਆਂ ਨੇ
ਖ਼ੁਦ ਹੀ ਕਈ ਕਹਾਣੀਆਂ ਨੇ
ਉਮਰਾਂ ਤੋਂ ਵੱਧ ਸਿਆਣੀਆਂ ਨੇ।

ਉਪਕਾਰੀ ਨਾ ਓਹਲਾ ਰੱਖਣ
ਨਾ ਬਹੁਤਾ ਹੱਕ ਜਤਾਉਂਦੀਆਂ ਨੇ
ਗੁਰਮੁਖੀ ਨੂੰ ਸਜਦੇ ਕਰਕੇ
ਮੱਥੇ ਨਾਲ ਧੂੜਾਂ ਲਾਉਂਦੀਆਂ ਨੇ
ਅਦਬ, ਸਲੀਕਾ, ਸੀਰਤ ਪੱਖੋਂ
ਸਭਨਾਂ ਦੇ ਮਨਾਂ ਨੂੰ ਭਾਉਂਦੀਆਂ ਨੇ।

## ਕੁੜੀਆਂ-2

ਧੀਆਂ ਦੇਸ਼ ਦੀਆਂ ਰਾਣੀਆਂ ਨੇ
ਇਹ ਗੂੰਜਦੀਆਂ ਵਾਰਾਂ ਨੇ
ਫਿਕਰ ਨਾਂ ਤੂੰ ਕਰ ਬਾਬਾ
ਇਹ ਅਣਖਾਂ ਦੀਆਂ ਤਲਵਾਰਾਂ ਨੇ।

# ਖੇਤ

ਭੋਰਾ ਬਿੰਦ ਜੇ ਸਾਰ ਨਾ ਲਈਏ
ਸਾਡੇ ਓਦਰ ਜਾਂਦੇ ਖੇਤ

ਲਗਨ ਐਸੀ ਜੇ ਕੇਰਾ ਫੜੀਏ
ਮੁੱਠੀ ਚੋਂ ਕਿਰਨ ਨਾ ਦਿੰਦੇ ਰੇਤ

ਹਾੜੀਂ ਸਾਉਣੀ ਵਕਤ ਗੁਜ਼ਾਰਾ
ਜਿੰਮੀਦਾਰਾਂ ਦਾ ਇਹੋ ਭੇਤ

ਸਬਰ ਸ਼ੁਕਰ ਨਿਆਮਤਾਂ ਪੱਲੇ
ਓਟ ਸੁਆਸ-ਸੁਆਸ ਮਨ ਚੇਤ

ਕਿਰਤੀ ਕਾਮੇ ਅਸੀਂ ਭੋਂ 'ਚੋਂ ਜਾਏ
ਸਾਡਾ ਮਿੱਟੀ ਨਾਲ ਹੀ ਹੇਤ।

# ਪੰਜਾਬ

ਸਦਾ ਵਸਦਾ ਇਹ ਪੰਜਾਬ ਰਹੂ
ਖੇਤਾਂ ਵਿੱਚ ਸੋਨਾ ਉੱਗਦਾ ਰਹਿਣਾ ਏ
ਪਿੰਡ ਵੀ ਸਦਾ ਆਬਾਦ ਰਹਿਣੇ
ਇਹ ਬੋਲੀ ਵੀ ਸਦੀਵੀਂ ਰਹਿਣੀ ਏ
ਜਬਰ ਜ਼ੁਲਮ ਤੇ ਧੱਕੇ ਵਿਰੁੱਧ
ਆਵਾਜ਼ ਤਾਂ ਉਠਾਉਣੀ ਪੈਣੀ ਏ
ਸਮੇਂ ਸਮੇਂ ਤੇ ਹੱਕ ਲੈਣ ਲਈ
ਹਿੰਮਤ ਤਾਂ ਕਰਨੀ ਪੈਣੀ ਏ।

## ਪੰਜਾਬੀ

ਬਹੁਤਾ ਗਿਆਨ ਵੰਡਣ ਦੇ ਨਾਲੋਂ
ਕਿਉਂ ਨਾ ਖ਼ੁਦ ਵੀ ਪੰਜਾਬੀ ਪੜ੍ਹ ਲਈਏ

ਵਿੱਸਰਨ ਨਾ ਦੇਈਏ ਲਫ਼ਜਾ ਨੂੰ
ਤੇ ਥੋੜ੍ਹੇ ਬਹੁਤੇ ਹੋਰ ਸ਼ਬਦ ਵੀ ਘੜ ਲਈਏ

ਵਰਕਾ ਵਰਕਾ ਇਕੱਠਾ ਕਰ ਕੇ
ਕਾਪੀ ਦੇ ਵਿੱਚ ਜੜ੍ਹ ਲਈਏ

ਧੁੰਦਲੀਆਂ ਯਾਦਾਂ ਇਕੱਠੀਆਂ ਕਰ ਕੇ
ਕਵਿਤਾ ਦੇ ਵਿੱਚ ਮੜ੍ਹ ਲਈਏ।

# ਧਰਤ ਪੰਜਾਬ ਦੀ

ਵਾਹ ਨਾ ਚੱਲੀ ਜ਼ਬਰ ਅੱਗੇ
ਧਰਤ ਪੰਜਾਬ ਦੀ
ਪੰਜ-ਆਬਾ ਤੋਂ ਪੰਜ ਐਬ ਹੋ ਗਈ
ਵਲੂੰਧਰ ਕੇ ਛੱਡ ਗਏ ਨਿਰਦਈ ਘਾਤਕ ਭੈੜੇ
ਰੂਹਾਂ 'ਚੋਂ ਇਨਸਾਨੀਅਤ ਗ਼ੈਬ ਹੋ ਗਈ

ਦੋਜ਼ਖ਼ ਬਣ ਗਈ ਬਹੁਤਿਆਂ ਮੋਇਆਂ ਦੇ ਲਈ
ਹਕੂਮਤਾਂ ਨੇ ਜੋ ਇਹਦਾ ਹਸ਼ਰ ਕੀਤਾ
ਸਮਾ ਗਈ ਧਰਤੀ ਆਪਣੀ ਹਿੱਕ ਅੰਦਰ
ਪਸੀਜਿਆ ਖ਼ੂਨ ਨਸਾਂ ਵਿੱਚ ਨਸ਼ਰ ਕੀਤਾ
ਹਰ ਆਈ ਆਫ਼ਤ ਨੂੰ ਟਾਲਣ ਦੇ ਲਈ
ਇਸ ਧਰਤੀ ਨੇ ਪੈਦਾ ਹਰ ਸੂਰਬੀਰ ਬਸ਼ਰ ਕੀਤਾ

ਉਠਦੇ ਰਹਿਣਗੇ ਇਨਕਲਾਬੀ ਇਸਦੀ ਭੌਂ ਵਿੱਚੋਂ
ਦੁਸ਼ਟਾ ਦਾ ਫ਼ਸਾਦ ਮੁਕਾਉਣ ਦੇ ਲਈ
ਚਾਹੁੰਦੇ ਨੇ ਜੋ ਇਹਨੂੰ ਬੰਜਰ ਕਰਨਾ
ਉਹਨਾਂ ਪਾਪੀਆਂ ਨੂੰ ਸਬਕ ਸਿਖਾਉਣ ਦੇ ਲਈ
ਮੁੜ-ਮੁੜ ਆਉਣਗੇ ਜੋ ਹੋ ਗਏ ਅਮਰ ਯੋਧੇ
ਸਾਂਝੀਵਾਲਤਾ ਦਾ ਉਪਦੇਸ਼ ਸਮਝਾਉਣ ਦੇ ਲਈ
ਸਿਰੜੀ ਸਿਦਕ ਦੇ ਨਾਲ ਰਹਿਣਗੇ ਖਲੋਤੇ
ਏਕੇ ਦੀ ਫ਼ਸਲ ਉਗਾਉਣ ਦੇ ਲਈ।

## ਧਰਤੀ

ਕਿੱਧਰੇ ਹੜ੍ਹ ਸੋਕਾ, ਕਿੱਧਰੇ ਅੱਗ ਖਾ ਗਈ ਜੰਗਲ ਨੂੰ
ਝੂਰਦੀ-ਝੂਰਦੀ ਧਰਤੀ ਪੁੱਛਦੀ ਅੰਬਰ ਨੂੰ
ਹਾਕਮਾਂ ਨੋਚਿਆ, ਆ ਕੁਦਰਤ ਦਬੋਚਿਆ
ਬਿਆਈਆਂ ਦਾ ਮੁੱਲ ਮੋੜ ਦੇ, ਕਹਿ ਪੈਗ਼ੰਬਰ ਨੂੰ
ਝੂਰਦੀ-ਝੂਰਦੀ ਧਰਤੀ ਪੁੱਛਦੀ ਅੰਬਰ ਨੂੰ।

# ਵਾਰਿਸ

**(ਕਿਸਾਨੀ ਸਘੰਰਸ਼ ਮੌਕੇ)**

ਅੱਜ ਉੱਠਿਆ ਹਰ ਇਨਕਲਾਬੀ
ਤੇਰੀ ਕਿਤਾਬ ਦੇ ਵਰਕੇ ਫੋਲਦਾ
ਆਪਣੀ ਗ਼ੈਰਤ ਅਣਖ ਪਿੱਛੇ
ਦਗੇਬਾਜ਼ਾ ਦੀ ਰੱਤ ਨੂੰ ਡੋਲ੍ਹਦਾ
ਤੁਰ ਪਈ ਜਵਾਨੀ ਰਾਹ ਸਿੱਧੇ
ਤੇਰਾ ਮੋੜਿਆ ਵਰਕਾ ਖੋਲ੍ਹਦਾ
ਕੀ ਡਰ ਹੈ ਤੈਨੂੰ ਪੰਜਾਬ ਸਿਆਂ
ਤੇਰੇ ਵਾਰਿਸਾਂ 'ਚੋਂ ਭਗਤ ਸਿੰਘ ਬੋਲਦਾ।

## ਦਰਵੇਸ਼

**(ਕਿਸਾਨੀ ਸਘੰਰਸ਼ ਮੌਕੇ)**

ਚਿਣਗ ਖ਼ੁਦਾ ਦੀ ਸਾਡੇ ਨੇਤਰੀ
ਸਾਨੂੰ ਸੋਂਹਦੇ ਲੰਮੜੇ ਕੇਸ

ਪਈ ਲੁੱਟ ਹੈ ਸਾਡੀ ਅਣਖ ਨੂੰ
ਨਾ ਭਾਉਂਦੇ ਰੰਗਲੇ ਵੇਸ

ਗੁਰੂ ਨਾਨਕ ਖ਼ੁਦ ਚਲਾ ਰਿਹਾ
ਬਣਾ ਇਨਸਾਨਾਂ ਦੇ ਭੇਸ

ਕਰਨ ਪੁਸ਼ਤਾ ਦੀ ਰਾਖੀ ਆ ਗਿਆ
ਬਾਬਾ ਬਹਿ ਗਿਆ ਲੈ ਕੇ ਖੇਸ

ਉਸ ਟੱਬਰ ਨੂੰ ਚਿੰਤਾ ਕਾਸ ਦੀ ?
ਜਿਸ ਦਾ ਬੈਠਾ ਬਾਬਾ ਦਰਵੇਸ਼।

## ਸਰਦਾਰੀਆਂ

ਸਾਡੇ ਸਿਦਕ ਨੂੰ ਕਿਹਨੇ ਪਾਰ ਕਰਨਾ
ਇਸੇ ਮੂਹਰੇ ਤਾਂ ਸਭ ਕੌਮਾਂ ਹਾਰੀਆਂ ਨੇ

ਚਰਖੜੀਆਂ, ਬੰਦ-ਬੰਦ ਤੇ ਸੀਸ ਕਟਵਾਏ
ਦੇਹਾਂ ਤੋ ਚੱਲੀਆ ਆਰੀਆਂ ਨੇ

ਬਾਜਾਂ ਵਾਲਿਆਂ ਨਿਸ਼ਾਵਰ ਪਰਿਵਾਰ ਕਰਤਾ
ਸ਼ਹਾਦਤਾਂ ਦੇ ਕੇ ਕੌਮ ਤੋ ਵਾਰੀਆਂ ਨੇ

ਜਜ਼ਬਿਆਂ ਬਿਨਾਂ ਨਾਂ ਸਿਰਾ ਤੇ ਤਾਜ ਸਜਦੇ
ਤਾਂਹੀਓ ਸਿਰ ਦੇ ਕੇ ਮਿਲੀਆਂ ਸਰਦਾਰੀਆਂ ਨੇ।

## ਜ਼ਿੰਦਗੀ ਕੀ ਹੈ ?

ਚੱਲਦੇ ਰਹਿਣ ਦਾ ਨਾਂ ਜ਼ਿੰਦਗੀ
ਮੰਜਿਲ ਨੂੰ ਜਾਂਦਾ ਰਾਹ ਜ਼ਿੰਦਗੀ
ਖ਼ੁਦਾ ਦੇ ਦਰ ਦੀ ਪਨਾਹ ਜ਼ਿੰਦਗੀ
ਹਰ ਪਲ ਚਲ ਰਹੇ ਸਾਹ ਜ਼ਿੰਦਗੀ।

# ਜ਼ਿੰਦਗੀ

ਜ਼ਿੰਦਗੀ ਤਾਂ ਬ੍ਰਹਿਮੰਡ ਦੀ ਯਾਤਰਾ ਹੈ,
ਸਾਡਾ ਮਨ ਇੱਕ ਆਕਰਸ਼ਣ ਦੀ ਤਰ੍ਹਾਂ ਹੈ;
ਉਸ ਦਿਨ ਸਭ ਚੀਜ਼ਾਂ ਸੰਪੂਰਨ ਇੱਕੋ ਸੁਰ
ਵਿੱਚ ਹੋ ਜਾਂਦੀਆਂ ਹਨ,
ਸਾਰੀਆਂ ਦਿਸ਼ਾਵਾਂ ਵਿੱਚ
ਸਭ ਕੁੱਝ ਸੇਧ ਵਿੱਚ ਹੋ ਜਾਂਦਾ ਹੈ
ਜਿਸ ਵੇਲੇ ਤੁਹਾਡਾ ਜਨਮ ਹੁੰਦਾ ਹੈ।

## ਸਵੈ-ਭਰੋਸਾ

ਦੂਰੀਆਂ ਰਾਹ ਨੇ ਵੇਖਦੀਆਂ
ਇਹ ਹੱਡ ਹਿਜਰ ਦੇ ਸੇਕਦੀਆਂ

ਮੁੱਲਾ ਵੇਖ ਤੂੰ ਰੰਗ ਫ਼ਕੀਰਾਂ ਦਾ
ਇਹ ਹਾਸਾ ਦਰਵੇਸ਼ ਹਕੀਰਾ ਦਾ
ਦਿਲਾਂ ਕਰ ਹੀਲਾ ਕਿਸੇ ਜੁਗਤੀ ਦਾ
ਇਹ ਅਣਡਿੱਠਾ ਰਾਹ ਕੋਈ ਮੁਕਤੀ ਦਾ
ਅਚਿੰਤ ਮਨ ਸੌਦਾਗਰ ਜਿਵੇਂ ਭਗਤੀ ਦਾ
ਪਰਮ ਪਾਰਸ ਜਿਹਾ ਅਸਰ ਇਸ ਸ਼ਕਤੀ ਦਾ

ਮੁਲਾਕਾਤਾਂ ਫੇਰੇ ਪਾਉਣਗੀਆਂ
ਦਿਲ ਤੇ ਮਲ੍ਹਮ ਟਕੋਰਾ ਲਾਉਣਗੀਆ
ਲੱਭ ਲੈ ਨੁਕਤਾ ਕੋਈ ਕਿਰਤੀ ਦਾ
ਮਿਲ ਜਾਊ ਟਿਕਾਣਾ ਕੋਈ ਬਿਰਤੀ ਦਾ।

## ਮੁਕਤੀ ਦਾ ਰਾਹ

ਮੁਹੱਬਤਾਂ ਦੇ ਰੋਗ
ਵਹਿਮਾਂ ਦੇ ਕੋਹੜ
ਭਰਮਾਂ ਦੇ ਵਿਯੋਗ
ਕਰਮਾਂ ਦੇ ਸੰਯੋਗ
ਹਾਣ ਜਿਹਾ ਸ਼ੌਕੀਨ
ਲੱਗੇ ਦੁਨੀਆ ਰੰਗੀਨ
ਦੌਲਤਾਂ ਨੂੰ ਜੱਫੇ
ਔਲਾਦ ਵੱਲੋਂ ਹੀ ਧੱਫੇ
ਕਾਹਦੀ ਹੈ ਮਨਾਹੀ
ਕਰੇ ਆਪੇ ਹੀ ਤਬਾਹੀ
ਜਿਹਨੂੰ ਅਕਲਾਂ ਦਾ ਘਾਟਾ
ਉਹ ਪਰੋ ਨਾ ਸਕਿਆ ਧਾਗਾ
ਟੱਕਰਾ ਨਾਲ ਹੀਲੇ
ਖੌਰੇ ਬਣ ਜਾਣ ਵਸੀਲੇ
ਮਿਹਨਤਾਂ ਦੇ ਧੰਦੇ
ਰਹਿਮਤਾਂ ਨੇ ਪੱਲੇ
ਨਿਯਮਾਂ ਨਾਲ ਅਸੂਲ
ਧੱਕੇ ਨਾਲ ਨਾ ਵਸੂਲ

ਮਨੁੱਖ ਬਣਾਈਆਂ ਜਾਤਾਂ
ਮੁੱਢ ਕਦੀਮੀ ਬਾਤਾਂ
ਜਿਹੜੇ ਚੱਲਦੇ ਸਾਹ
ਕਿਹੜੇ ਪਲ ਦੀ ਵਸਾਹ
ਇੱਕੋ ਮੁਕਤੀ ਦਾ ਰਾਹ
ਉਹ ਹੈ ਰੱਬ ਦੀ ਦਰਗਾਹ।

# ਨਜ਼ਰੀਆ

ਕੀ ਚੰਗਾ ਕੀ ਮਾੜਾ
ਇਹ ਤਾਂ ਪਰਖਣ ਦਾ ਜ਼ਰੀਆ ਹੈ
ਆਪਣੇ ਆਪ ਵਿੱਚ ਸਭ ਚੰਗੇ
ਸਭ ਦਾ ਇਹੋ ਤਾਂ ਨਜ਼ਰੀਆ ਹੈ

ਕੌਣ ਖ਼ੁਦ ਨੂੰ ਮਾੜਾ ਕਹੇ
ਪਰ ਦੂਸਰਿਆਂ ਤੋਂ ਵੀ ਸਾੜਾ ਕਰੇ
ਸਭ ਕੁੱਝ ਹੁੰਦਿਆਂ ਵੀ ਨਾ ਧਰਵਾਸ ਕਰੇ
ਆਪ ਨੂੰ ਛੱਡ ਕੇ ਹੋਰਾ ਤੋਂ ਆਸ ਕਰੇ

ਦੁਨੀਆਂ ਕਿੱਧਰੇ ਸੁਰਗ ਨਾ ਬਣ ਜਾਏ
ਜੇ ਹਰ ਬੰਦਾ ਆਖਿਆ ਸੱਚ ਜਰੇ
ਜੇ ਹੋਵੇ ਨਾ ਕਲਯੁਗੀ ਦੁਨੀਆਂ
ਫਿਰ ਬੰਦਾ ਬੰਦੇ ਤੋਂ ਕਿਉਂ ਡਰੇ
ਜੇ ਰਹੇ ਨਾ ਤ੍ਰਿਸ਼ਨਾ ਮਾਇਆ ਦੀ
ਤਾਂ ਬੰਦਾ ਪਲ-ਪਲ ਕਿਉਂ ਮਰੇ।

# ਕਦੇ ਕਿਸੇ ਦਾ ਬੁਰਾ ਨਾ ਕਰੀਏ

ਕਦੇ ਕਿਸੇ ਦਾ ਬੁਰਾ ਨਾ ਕਰੀਏ
ਸਭ ਕੁੱਝ ਵੇਖੇ ਕਰਤਾਰ

ਜਿਸ ਨੂੰ ਢਾਉਣ ਨੂੰ ਫਿਰਦਾ ਬੰਦਿਆ
ਉਸ ਤੋਂ ਪਹਿਲਾ ਤੇਰੀ ਹਾਰ

ਵੈਰ ਵਿਰੋਧ ਦਿਲ ਵਿੱਚ ਰੱਖ ਕੇ
ਬੰਦਾ ਖ਼ੁਦ ਨੂੰ ਲੈਂਦਾ ਮਾਰ

ਭੁੱਲਾ ਜੇ ਬਖ਼ਸ਼ਾਵੇਂ ਬੰਦਿਆ
ਤਾਂ ਬਖ਼ਸ਼ਣਹਾਰ ਵੀ ਦਿੰਦਾ ਤਾਰ।

# ਰੱਬ ਬੰਦੇ ਨੂੰ ਯਾਦ ਜੇ ਰਹਿੰਦਾ

ਰੱਬ ਬੰਦੇ ਨੂੰ ਯਾਦ ਜੇ ਰਹਿੰਦਾ
ਉਹ ਨਾ ਕਰਦਾ ਹੇਰਾ ਫੇਰੀ

ਹੁਸਨ, ਜਵਾਨੀ ਸਦਾ ਨਾ ਰਹਿੰਦੇ
ਇਹ ਜਿੰਦ ਮਿੱਟੀ ਦੀ ਢੇਰੀ

ਹੰਕਾਰ ਨੇ ਕਾਹਦੇ, ਹਓਮੈਂ ਢਾਹਦੇ
ਦੱਸ ਅੱਲਾ ਬਾਝੋਂ ਔਕਾਤ ਕੀ ਤੇਰੀ

ਇਸ਼ਕ ਇਬਾਦਤ ਇਨਾਇਤ ਉਹਦੀ
ਕਰ ਬੰਦਗੀ ਵਿੱਚ ਨਾ ਬਹੁਤੀ ਦੇਰੀ

ਜੋ ਜਾਣੇ ਇਹ ਸਭ ਮਾਲਕ ਦਾ
ਫਿਰ ਉਹ ਨਾ ਕਰਦਾ ਮੇਰੀ ਮੇਰੀ।

## ਐਰ ਗ਼ੈਰ ਦੀਆਂ ਗੱਲਾਂ ਸੁਣ ਕੇ

ਐਰ ਗ਼ੈਰ ਦੀਆਂ ਗੱਲਾਂ ਸੁਣ ਕੇ
ਐਵੇਂ ਦਿਲ ਤੇ ਲਾਈਏ ਨਾ
ਮਾੜੀ ਮੋਟੀ ਗੱਲ ਦੇ ਪਿੱਛੇ
ਐਵੇਂ ਵੈਰ ਕਮਾਈਏ ਨਾ
ਕਰਨ ਕਰਾਵਣ ਉਹ ਅੰਤਰਜਾਮੀ
ਫਿਰ ਐਵੇਂ ਮਨ ਨੂੰ ਢਾਈਏ ਨਾ।

## ਡਾਢੇ ਕਿਸੇ ਦੇ ਹਾਲਾਤਾਂ ਉੱਪਰ

ਡਾਢੇ ਕਿਸੇ ਦੇ ਹਾਲਾਤਾਂ ਉੱਪਰ
ਹੱਸ ਕੇ ਤਾੜੀ ਨਹੀਂਓ ਮਾਰੀ ਦੀ

ਬਗ਼ੈਰਤੀ ਲੋਕਾਂ ਦੇ ਪਿੱਛੇ ਲੱਗ ਕੇ
ਇਓਂ ਇੱਜਤ ਨਹੀਂ ਉਛਾਲੀ ਦੀ

ਜਿੱਥੇ ਬੇਕਦਰੀ ਬੇਹੱਦੋ ਵੱਧ ਜਾਏ
ਫੇਰ ਓਥੋਂ ਮਾਸੂਮੀਅਤ ਨੀਂ ਭਾਲੀ ਦੀ

ਸਹਿਜੇ-ਸਹਿਜੇ ਮੰਜ਼ਿਲ ਮਿਲਦੀ
ਰਿੰਪੀ ਇਹ ਰੁੱਤ ਨਹੀਂ ਕਾਹਲ਼ੀ ਦੀ।

## ਜਿੱਥੇ ਹੋਣ ਖਜਾਨੇ ਸੀਰਤਾਂ ਦੇ

ਜਿੱਥੇ ਹੋਣ ਖਜਾਨੇ ਸੀਰਤਾਂ ਦੇ
ਉੱਥੇ ਸੂਰਤਾ ਫਿੱਕੀਆਂ ਪੈ ਜਾਂਦੀਆਂ

ਜਿਹਦੇ ਨੇਤਰਾ ਦੀ ਲਸ਼ਕ ਦੂਰ-ਦਰਾਜ਼ ਹੋਵੇ
ਉਹਦੀਆ ਨਜ਼ਰਾਂ ਸਭ ਕੁੱਝ ਕਹਿ ਜਾਂਦੀਆਂ

ਜਦੋਂ ਅਲਖ ਦਾ ਇਲਮ ਇਖਲਾਕ ਰੱਬੀ
ਫੇਰ ਸਭ ਦੌਲਤਾਂ ਆਕੜਾਂ ਢਹਿ ਜਾਂਦੀਆਂ

ਰਾਹੀ ਆ-ਆ ਕੇ ਤੁਰ ਜਾਂਦੇ ਜਹਾਨ ਵਿੱਚੋਂ
ਦਿੱਤੀਆ ਦੁਆਵਾਂ ਹੀ ਪੱਲੇ ਰਹਿ ਜਾਂਦੀਆਂ।

# ਸੀਰਤ ਨਾਲ ਹੀ ਸੋਂਹਦੀ ਸਾਦਗੀ

ਸੀਰਤ ਨਾਲ ਹੀ ਸੋਂਹਦੀ ਸਾਦਗੀ
ਤੇ ਸੱਧਰਾਂ ਨਾਲ ਸ਼ਿੰਗਾਰ
ਸਲੀਕਾ ਨਾ ਸੋਂਹਦਾ ਸਹਿਜ ਬਿਨਾਂ
ਤੇ ਇੱਜ਼ਤ ਬਿਨਾਂ ਨਾ ਪਿਆਰ।

## ਚੱਲ ਮੁਸਾਫ਼ਰਾਂ ਤੇਰੇ ਲੰਮੜੇ ਪੈਂਡੇ

ਚੱਲ ਮੁਸਾਫ਼ਰਾਂ ਤੇਰੇ ਲੰਮੜੇ ਪੈਂਡੇ
ਢੇਰੀ ਢਾਅ ਲਈ ਤਾਂ ਕਿਆਮਤ ਹੋਵੇਗੀ

ਜੇ ਸਬਰ ਸਿਦਕ ਨਾਲ ਜਿਉਣਾ ਛੱਡ ਤਾਂ
ਫੇਰ ਖ਼ੁਦ ਨਾਲ ਬਗਾਵਤ ਹੋਵੇਗੀ

ਸੁੱਖ, ਦੁੱਖ ਤਾਂ ਨੇ ਸਫ਼ਰ ਦੇ ਸਾਥੀ
ਇਬਾਦਤ ਨਾਲ ਰੂਹ ਸਲਾਮਤ ਹੋਵੇਗੀ

ਸਹਿਜ, ਸਿਆਣਪ ਜ਼ਿੰਦਗੀ ਦੇ ਗਹਿਣੇ
ਇਹੋ ਮੰਨ ਲਏ ਤਾਂ ਪੱਲੇ ਲਿਆਕਤ ਹੋਵੇਗੀ

ਹਰਖ ਪਰਖ ਦੇ ਜਦ ਛੱਡ ਤੇ ਖਹਿੜੇ
ਤਦ ਕੋਈ ਨਜ਼ਮ ਦੀ ਆਮਦ ਹੋਵੇਗੀ

ਜਦ ਨੇਕ ਨੀਅਤ ਤੇ ਰੂਹ ਕਰ ਲਈ ਸੁੱਚੀ
ਤਾਂ ਹਰ ਮੁਰਾਦ ਰੱਬ ਵੱਲੋਂ ਕਾਮਦ ਹੋਵੇਗੀ।

## ਬਹੁਤੇ ਜਿਹੜੇ ਢੱਕਵੰਜ ਨੇ ਕਰਦੇ

ਬਹੁਤੇ ਜਿਹੜੇ ਢੱਕਵੰਜ ਨੇ ਕਰਦੇ
ਮਸਲੇ ਤੋਂ ਮਾੜਾ ਖ਼ਦਸ਼ਾ ਬਣ ਜਾਂਦਾ ਏ

ਬਦਨੀਤੀ, ਬਦਖੋਹੀਆ ਦਾ ਨਤੀਜਾ
ਕਿਸਮਤ ਮੂਹਰੇ ਆਣ ਕੇ ਠੱਣ ਜਾਂਦਾ ਏ

ਬੇਮੌਸਮੇ ਮੀਂਹ ਦੇ ਪਾਣੀ ਵਾਂਗੂੰ
ਮਸਲਾ ਫੇਰ ਉੱਥੇ ਹੀ ਖੜ ਜਾਂਦਾ ਏ

ਸਿੱਲ੍ਹੇ ਬਾਲਣ ਦੀ ਲੱਕੜੀ ਵਾਂਗਰ
ਹੀਲਾ ਧੁਖਦਾ-ਧੁਖਦਾ ਥਾਂਏ ਅੜ ਜਾਂਦਾ ਏ

ਜੇ ਵਕਤ ਤੇ ਸਾਂਭੀਏ ਹੱਦ ਕਿਨਾਰਿਆਂ ਦੀ ਨਾ
ਆਖ਼ਰ ਨੂੰ ਪਾਣੀ ਸਿਰ ਚੜ੍ਹ ਜਾਂਦਾ ਏ

ਤੋਲਣ ਜੇ ਲੱਗ ਪਏ ਰਿਸ਼ਤਿਆਂ ਦੀ ਗੱਠੜੀ
ਆਸ਼ਿਆਨਾ ਫਿਰ ਤੜ-ਤੜ ਜਾਂਦਾ ਏ

ਹੋਇਆ ਤੀਲਾ-ਤੀਲਾ ਫਿਰ ਤਰਲੇ ਪਾਉਂਦਾ
ਸਮੇਟਣ ਨੂੰ ਬੰਦਾ ਮਰ-ਮਰ ਜਾਂਦਾ ਏ

ਮਾਰ ਵਗਾਉਂਦਾ ਸਭ ਤੋਲ ਤਰਾਜੂ
ਜਦੋਂ ਸਹਿਮ ਦਿਲ ਅੰਦਰ ਘਰ-ਕਰ ਜਾਂਦਾ ਏ।

## ਇੱਕੋ ਗੱਲ ਦਾ ਫੰਦਾ ਏ

ਇੱਕੋ ਗੱਲ ਦਾ ਫੰਦਾ ਏ
ਸੋਚ ਦਾ ਖਾਨਾ ਗੰਦਾ ਏ

ਬਾਹਰੋਂ ਲਿਸ਼ਕੇ-ਪੁਸ਼ਕੇ ਲੱਗਣ
ਅੰਦਰੋਂ ਹਾਲ ਸਭਨਾ ਦਾ ਮੰਦਾ ਏ

ਮੂੰਹੋਂ ਨੇਕ ਤੇ ਅੰਦਰੋਂ ਛੁਰੀਆਂ
ਕਰਦੇ ਚੁਸਤ ਚਲਾਕੀ ਦਾ ਧੰਦਾ ਏ

ਜੋ ਇੱਜ਼ਤ, ਅਣਖ ਨਾ ਗ਼ੈਰਤ ਜਾਣੇ
ਭਲਾ ਉਹ ਵੀ ਕੋਈ ਬੰਦਾ ਏ ?

## ਸਮੇਂ ਦੀ ਅੱਖ

ਸ਼ਰਾਫ਼ਤ ਦਾ ਨਕਾਬ
ਪਹਿਨ ਕੇ
ਅੱਜ ਤਮਾਸ਼ਾ ਦੇਖਣ ਵਾਲ਼ਿਆਂ ਦਾ
ਸਮੇਂ ਦੀ ਅੱਖ
ਕੱਲ੍ਹ ਨੂੰ ਤਮਾਸ਼ਾ ਵੇਖੇਗੀ।

## ਸ਼ਾਇਰ ਲੋਕ

ਸ਼ਾਇਰ ਲੋਕ ਦੁਨੀਆਂ ਨੂੰ
ਮੁੱਠੀ 'ਚ ਲੈ ਕੇ ਫਿਰਦੇ ਨੇ
ਕੁੱਝ ਬੋਲਣ ਤਾਂ
ਲੋਕ ਸੋਚਣ ਲੱਗਦੇ ਨੇ
ਜੇ ਚੁੱਪ ਹੋ ਜਾਣ ਤਾਂ
ਚੀਕਣ ਲੱਗਦੇ ਨੇ।

## ਨਾਦਾਨ ਪਰਿੰਦੇ

ਲੋਕ ਅਕਸਰ ਆਖਦੇ ਹਨ
ਕਿ ਕੁੜੀਆਂ ਤਾਂ ਚਿੜੀਆਂ ਹੁੰਦੀਆਂ
ਤੇ ਭੋਲੇ ਪੰਛੀ ਅਕਸਰ ਕੈਦੀ ਬਣ ਕੇ ਰਹਿ ਜਾਂਦੇ ਆ
ਉਹਨਾਂ ਨੇ ਮੈਨੂੰ ਵੀ ਕੈਦ ਕਰਨਾ ਚਾਹਿਆਂ
ਪਰ ਜਦੋਂ ਉਹ ਮੈਨੂੰ ਕੈਦ ਨਾਂ ਕਰ ਸਕੇ
ਤਾਂ ਆਖਰ ਉਹਨਾਂ ਨੇ
ਮੇਰੇ ਪਰ ਕੁਤਰ ਦਿੱਤੇ
ਪਰ ਉਹ ਇਹ ਨਹੀਂ ਸਨ ਜਾਣਦੇ
ਕਿ ਮੈਨੂੰ ਉੱਡਣ ਲਈ ਖੰਭਾ ਦੀ ਲੋੜ ਨਹੀਂ
ਰੂਹਾਂ ਨੇ ਤਾਂ ਜਿਸਮ ਦਾ ਜਾਮਾ ਪਹਿਨਿਆ
ਪਰ ਰੂਹਾਂ ਕਦੇ ਕੈਦ ਨਹੀਂ ਹੁੰਦੀਆਂ
ਹੌਂਸਲੇ ਕੈਦ ਨਹੀਂ ਹੁੰਦੇ
ਜਜ਼ਬਾਤ ਕੈਦ ਨਹੀਂ ਹੁੰਦੇ
ਖ਼ਿਆਲ ਕੈਦ ਨਹੀਂ ਹੁੰਦੇ
ਕੈਦ ਤਾਂ ਹੁੰਦੀ ਹੈ ਹੋਰਾਂ ਨੂੰ
ਕਾਬੂ 'ਚ ਰੱਖਣ ਵਾਲੀ
ਹੋਛੀ ਸੋਚ।

## ਸ਼ਕਲਾਂ

ਸ਼ਕਲਾਂ ਕਦੇ ਵੀ
ਬਦਸੂਰਤ ਨਹੀਂ ਹੁੰਦੀਆਂ
ਪਰ ਕੁੱਝ ਸੀਰਤਾਂ ਜ਼ਰੂਰ
ਬਦਸੂਰਤ ਹੁੰਦੀਆਂ ਹਨ
ਹੰਕਾਰ 'ਚ ਭਿੱਜੀਆਂ
ਨਫ਼ਰਤ, ਈਰਖਾ ਤੇ ਕ੍ਰੋਧ ਦੇ
ਦਲਦਲ 'ਚ ਗੱਚਾਂ ਗੱਚ ਹੋਈਆਂ
ਅਕਸਰ ਸੁਹੱਪਣ ਤੇ
ਚਮਕ-ਦਮਕ ਦੇ ਛੈਲ-ਛਲਾਵੇ ਨੂੰ ਹੀ
ਸਭ ਕੁੱਝ ਮੰਨ ਲੈਂਦੀਆਂ ਹਨ
ਸੀਰਤਾਂ ਨੂੰ ਸਵਾਰਣ ਦਾ
ਜ਼ਿੰਮਾ ਸਾਡਾ ਖ਼ੁਦ ਦਾ ਹੈ
ਇਨਸਾਨ ਦਾ ਦਿਲ,
ਖ਼ਿਆਲ, ਸੋਚ ਜਾਂ ਅਕਲ
ਬਦਸੂਰਤ ਹੋ ਸਕਦੀ ਹੈ
ਪਰ ਸ਼ਕਲ ਨਹੀਂ
ਸੂਰਤ ਤਾਂ
ਪ੍ਰਮਾਤਮਾ ਖ਼ੁਦ ਘੜਦਾ ਹੈ
ਤੇ ਪ੍ਰਮਾਤਮਾ ਦੀ ਬਖਸ਼ਿਸ਼ ਕਦੇ ਵੀ
ਬਦਸੂਰਤ ਨਹੀਂ ਹੋ ਸਕਦੀ।

# ਜਿਸ ਦੀ ਖ਼ੁਦ ਦੀ ਸੋਚ ਵਿੱਚ ਕਾਣ ਹੋਵੇ

ਜਿਸ ਦੀ ਖ਼ੁਦ ਦੀ ਸੋਚ ਵਿੱਚ ਕਾਣ ਹੋਵੇ
ਉਹ ਹੋਰਾਂ ਨੂੰ ਮੱਤਾਂ ਦਿੰਦੇ ਸੋਭਦੇ ਨਹੀਂ

ਜਿਹੜੇ ਫਿਰਨ ਆਪਣਾ ਮੂੰਹ ਛੁਪਾਉਂਦੇ
ਉਹ ਫਿਰ ਹੋਰਾਂ ਨੂੰ ਘੋਖਦੇ ਨਹੀਂ

ਜਿਹੜੇ ਜਾਣਦੇ ਹੋਣ ਖ਼ੁਦ ਕੁੱਝ ਕਰਨਾ
ਉਹ ਹੋਰਾਂ ਨੂੰ ਕੁੱਝ ਕਰਨੋ ਰੋਕਦੇ ਨਹੀਂ

ਸਿਆਣਪ ਸਹਿਜ ਦੇ ਇੱਜਤਦਾਰ ਲੋਕੀਂ
ਹੋਰਾਂ 'ਚ ਨਗੋਚਾ ਕੱਢ ਕੇ ਟੋਕਦੇ ਨਹੀਂ।

# ਕਿਸੇ ਗੱਲੋਂ ਨਾ ਡਰਦੇ ਲੋਕੀਂ

ਕਿਸੇ ਗੱਲੋਂ ਨਾ ਡਰਦੇ ਲੋਕੀਂ
ਗੱਲ ਇੱਧਰ ਦੀ ਉੱਧਰ ਕਰਦੇ ਲੋਕੀਂ

ਨਾ ਖ਼ੰਜਰ, ਨਾ ਤਲਵਾਰਾਂ ਤੋਂ
ਉਲਫ਼ਤ ਹੱਥੋਂ ਮਰਦੇ ਲੋਕੀਂ

ਜੇ ਰਾਜ਼ੀ ਖ਼ੁਸ਼ੀ ਹੋਵੇ ਵਸੇਬਾ
ਤਾਂ ਹਾੜਾ-ਹਾੜਾ ਕਿੰਝ ਸੜਦੇ ਲੋਕੀਂ

ਵੱਸੋਂ ਮਜਬੂਰਨ ਕਰਦੇ ਨੇਕੀਆਂ ਬਦੀਆਂ
ਫੇਰ ਹਰਜਾਨੇ ਕਰਮਾਂ ਦੇ ਭਰਦੇ ਲੋਕੀਂ

ਚੁਗਲੀ ਨਿੰਦਿਆ ਲੋਭ ਦੇ ਲੋਕੀਂ
ਤੌਬਾ ਰੱਬ ਕੋਲ਼ੋਂ ਨਾ ਡਰਦੇ ਲੋਕੀਂ।

## ਔਰਤ

ਇਤਿਹਾਸ ਗਵਾਹ ਹੈ
ਜਦੋਂ-ਜਦੋਂ ਕਿਸੇ ਨੇ ਵੀ
ਇੱਕ ਔਰਤ ਦੇ ਵਜੂਦ ਨੂੰ
ਮਿਟਾਉਣ ਦੀ ਕੋਸ਼ਿਸ਼ ਕੀਤੀ
ਉਦੋਂ- ਉਦੋਂ ਸਮਾਜ ਲਈ
ਸਿੱਧ ਹੋਈ ਉਹ ਇੱਕ
ਖ਼ਤਰਨਾਕ ਔਰਤ।

## ਕੁਦਰਤ ਦੇ ਹਾਣ

ਜਿਹੜੇ ਲੋਕ ਕੁਦਰਤ ਨਾਲ
ਆਢਾ ਲਾਉਂਦੇ ਹਨ
ਉਹ ਆਪਣੇ ਆਪ ਨੂੰ
ਤਹਿਸ ਨਹਿਸ ਕਰ ਲੈਂਦੇ ਹਨ
ਖ਼ੁਦ ਨੂੰ ਉਜਾੜ ਲੈਂਦੇ ਹਨ
ਤੇ ਹੁਣ ਮੈਂ ਵੀ ਕੁਦਰਤ ਦੇ
ਹਾਣ ਦੀ ਹੋ ਗਈ ਹਾਂ।

# ਕੁਦਰਤ

**(ਕੋਵਿਡ–19 ਦੇ ਅਧਾਰਿਤ)**

ਕਿੱਥੇ ਸਮਝਦੀ ਆ ਇਹ ਦੁਨੀਆਂ
ਇਹ ਤਾਂ ਆਪਣੇ ਰਾਹ ਅਪਨਾਓਂਦੀ ਆ

ਨਾ ਜਾਣੇ ਬੰਦਾ ਕੀ–ਕੀ ਕਰਦਾ ਕਾਰੇ
ਫਿਰ ਉਹਨੂੰ ਕੁਝ ਐਸਾ ਇਹ ਭਰਮਾਉਂਦੀ ਆ

ਜਿਹੜਾ ਇਹਦੀ ਹੋਂਦ ਨਾਂ ਜਾਣੇ
ਫਿਰ ਉਹਨੂੰ ਹੱਦੋਂ ਵੱਧ ਰੁਆਉਂਦੀ ਆ

ਸਮਝ ਤਾਂ ਬੰਦੇ ਨੂੰ ਉਦੋਂ ਆਉਂਦੀ
ਜਦੋਂ ਇਹ ਆਪਣੇ ਰੰਗ ਦਿਖਾਉਂਦੀ ਆ

ਤਰਲੇ ਤਾਂ ਉਦੋਂ ਕਰਦਾ ਬੰਦਾ
ਜਦੋਂ ਕੋਈ ਅਨੋਖੀ ਖੇਡ ਰਚਾਉਂਦੀ ਆ

ਆਖ਼ਰ ਨੂੰ ਬੰਦਾ ਓਹੀਓ ਕਰਦਾ
ਜੋ ਜੋ ਇਹ ਕੰਮ ਕਰਾਉਂਦੀ ਆ

ਵਾਹ ਓ ਕਾਦਰ ਇਹ ਕੁਦਰਤ ਤੇਰੀ
ਮਨ ਆਈਆਂ ਮਨਵਾਉਂਦੀ ਆ।

# ਸੱਟ

ਸਰੀਰ ਤੇ ਲੱਗੀ ਠੋਕਰ
ਤੇ ਦਿਲ ਦੇ ਫੱਟ
ਇੱਕ ਨਾ ਇੱਕ ਦਿਨ ਭਰ ਜਾਂਦੇ ਨੇ
ਦਿਮਾਗ ਤੇ ਹੋਏ ਜ਼ਖ਼ਮ
ਇਨਸਾਨ ਨੂੰ ਅਤੀਤ ਦੇ ਪਰਛਾਵਿਆ 'ਚੋਂ
ਨਿੱਕਲਣ ਨਹੀਂ ਦਿੰਦੇ
ਆਤਮਾ ਤੇ ਵੱਜੀ ਸੱਟ
ਅੰਦਰੋਂ ਅੰਦਰੀ ਰਿਸਦੀ ਰਹਿੰਦੀ ਹੈ ਤੇ
ਜਦੋਂ ਇਹ ਆਤਮਾ
ਦੁਰਅਸੀਸ ਦਿੰਦੀ ਹੈ ਤਾਂ
ਉਹ ਕਬੂਲੀ ਜਾਂਦੀ ਹੈ।

## ਮਾਨਸਿਕਤਾ

ਸਭ ਤੋਂ ਵੱਡੀ ਕਮਜ਼ੋਰ ਮਾਨਸਿਕਤਾ ਦੀ ਨਿਸ਼ਾਨੀ
ਕਿ ਲੋਕ ਕੀ ਕਹਿਣਗੇ

ਭਲਾ ਜੇ ਤੁਸੀਂ ਇਹਨਾਂ ਮੁਤਾਬਕ ਚੱਲੋਗੇ
ਤਾਂ ਕੀ ਇਹ ਚੁੱਪ ਰਹਿਣਗੇ

ਉਲਝਾ ਕੇ ਤਾਣੇ ਬਾਣੇ 'ਚ' ਥੋਨੂੰ
ਪਹਿਲਾ ਤਾਂ ਥੋਡੀਆ ਜੜ੍ਹਾਂ 'ਚ' ਬਹਿਣਗੇ

ਭੰਡਣਗੇ, ਨਿੰਦਣਗੇ ਤੇ ਕਰਕੇ ਦੁੱਬਰ ਜ਼ਿੰਦਗੀ
ਕੁੱਝ ਕਰਨਾ ਨੀ ਕਤਰਣਾ ਨੀ ਦੇ ਤਾਹਨੇ ਮਿਹਣੇ ਦੇਣਗੇ

ਝੂਠੀਆ ਸਿਫ਼ਤਾਂ, ਝੂਠੇ ਦਿਲਾਸੇ ਦੇ ਕੇ
ਮੂੰਹ ਤੇ ਚੰਗਾ ਤੇ ਪਿੱਠ ਤੇ ਮਾੜਾ ਵੀ ਕਹਿਣਗੇ

ਆਖ਼ਿਰ ਕੁੱਝ ਅਖੌਤੀ ਸਮਾਜ ਦੇ ਨਾਮ ਤੇ
ਕਦੋਂ ਤੱਕ ਨੀ ਬੰਦੇ ਨੂੰ ਜਿਉਣ ਦੇਣਗੇ ?

## ਲੋਕ ਤੱਥ

ਵਿੱਚ ਵਿਚਾਲੇ ਤੋਂ ਜਵਾਬ ਚੰਗਾ
ਪਰ ਲਾਰੇ ਕਦੇ ਵੀ ਲਾਈਏ ਨਾ
ਕਹਿੰਦੇ ਜਿੱਥੇ ਕਦਰ ਨਾ ਹੋਵੇ
ਉੱਥੇ ਬਹੁਤਾ ਜਾਈਏ ਨਾ
ਪਿਆਰ ਦੀ ਕਦਰ ਕਰਨ ਵਾਲੇ ਨੂੰ
ਉਂਗਲਾਂ ਤੇ ਨਚਾਈਏ ਨਾ
ਜਿੰਨੀ ਪੁਗਦੀ ਉਹਨੀਂ ਪੁਗਾਈਏ
ਕਿਸੇ ਨੂੰ ਬਹੁਤਾ ਸਿਰ ਚੜ੍ਹਾਈਏ ਨਾਂ

ਹੱਸਦਿਆਂ ਵੱਲ ਤਾਂ ਸਾਰੇ ਵੇਂਹਦੇ
ਰੋਂਦੇ ਨੂੰ ਹੋਰ ਰੁਆਈਏ ਨਾ
ਭੁੱਖੇ ਪੇਟ ਨੂੰ ਰੋਟੀ ਚੰਗੀ
ਰੱਜੇ ਨੂੰ ਹੋਰ ਰਜਾਈਏ ਨਾ
ਦਰ ਤੇ ਆਏ ਫ਼ੱਕਰ ਨੂੰ
ਦਬਕਾ ਮਾਰ ਭਜਾਈਏ ਨਾ

ਪੈਸੇ ਭੁੱਖੇ ਲੋਭੀ ਬੰਦੇ ਨੂੰ
ਯਾਰ ਕਦੇ ਬਣਾਈਏ ਨਾ

ਮਤਲਬ ਕੱਢਣ ਦੀ ਖ਼ਾਤਰ
ਕਦੇ ਕੋਈ ਢੋਂਗ ਰਚਾਈਏ ਨਾ
ਕਰਨਾ ਤਾਂ ਦਿਲ ਤੋਂ ਕਰੀਏ
ਫਿਰ ਕਰ ਕੇ ਕਦੇ ਜਤਾਈਏ ਨਾ

ਦੌਲਤ ਹੁੰਦੀ ਮੁੱਠੀ ਰੇਤ ਦੀ
ਪੈਸੇ ਪਿੱਛੇ ਵੈਰ ਕਮਾਈਏ ਨਾ
ਵੈਲੀ ਬੰਦੇ ਨਾਲ ਯਾਰੀ ਮਾੜੀ
ਚੁਗ਼ਲਖ਼ੋਰ ਨੂੰ ਕੋਲ ਬਿਠਾਈਏ ਨਾ
ਜੋ ਮੂੰਹ ਤੇ ਆਖੇ ਉਹ ਬੰਦਾ ਚੰਗਾ
ਝੂਠੀ ਤਾਰੀਫ਼ ਕਦੇ ਕਰਾਈਏ ਨਾ
ਸਹੀ ਨੂੰ ਸਹੀ ਤੇ ਗਲਤ ਨੂੰ ਗਲਤ ਆਖੀਏ
ਤੇ ਕਦੇ ਫੋਕੀ ਟੌਹਰ 'ਚ ਆਈਏ ਨਾ।

## ਨਾ ਕਰ ਬਹੁਤੇ ਸਵਾਲ ਬੀਬਾ

ਨਾ ਕਰ ਬਹੁਤੇ ਸਵਾਲ ਬੀਬਾ
ਐਂਵੇ ਹੋ ਜਾਊ ਖੜਾ ਬਵਾਲ ਬੀਬਾ
ਜਰਾ ਸੱਚ ਤਾਂ ਬੋਲ ਕੇ ਕਹਿ ਬੀਬਾ
ਨਹੀਂ ਤਾਂ ਫਿਰ ਸਾਊ ਬਣ ਕੇ ਰਹਿ ਬੀਬਾ

ਲੋਕ ਤਾਂ ਤਮਾਸ਼ਾ ਵੇਖਦੇ ਨੇ
ਚੰਮ ਦੀਆ ਬਾਲ ਕੇ ਸੇਕਦੇ ਨੇ
ਇੱਥੇ ਨਾਗ ਜ਼ਹਿਰੀਲੇ ਬਾਹਲੇ ਨੇ
ਚੁਗ਼ਲਖ਼ੋਰ ਬਿੜਕਾਂ ਲੈਣ ਨੂੰ ਕਾਹਲੇ ਨੇ

ਰਹਿੰਦੀ ਨਾ ਸਦਾ ਬਹਾਰ ਬੀਬਾ
ਹੱਸ ਹੱਸ ਕੇ ਦਿਨ ਗੁਜ਼ਾਰ ਬੀਬਾ
ਛੱਡ ਦੁਨੀਆ ਖ਼ੁਦ ਦੀ ਜ਼ਿੰਦਗੀ ਸਵਾਰ ਬੀਬਾ
ਤੇਰੇ ਵਿਹੜੇ ਦੀ ਬਦਲ ਜਾਊ ਨੁਹਾਰ ਬੀਬਾ

ਦੁਨੀਆ ਨਾਂ ਪਾਉਂਦੀ ਸਿੱਧੇ ਰਾਹ ਬੀਬਾ
ਵੇਖੀ ਲੱਗ ਨਾਂ ਜਾਵੇ ਮਾੜਾ ਪਾਹ ਬੀਬਾ
ਦਿਲ ਤੂੰ ਕਿਸੇ ਦਾ ਦੁਖਾਵੀ ਨਾਂ
ਮਾੜੀ ਹੁੰਦੀ ਲੱਗੀ ਹਾਅ ਬੀਬਾ

ਬਹੁਤੀ ਨਾ ਕਰ ਪ੍ਵਾਹ ਬੀਬਾ
ਤੁਰੀ ਚੱਲ ਆਪਣੇ ਰਾਹ ਬੀਬਾ
ਹਰ ਪਲ ਹੱਸ ਕੇ ਗੁਜ਼ਾਰ ਬੀਬਾ
ਜ਼ਿੰਦਗੀ ਦਾ ਨਾ ਕੋਈ ਵਸਾਹ ਬੀਬਾ।

## ਕਬੀਲਦਾਰੀ ਵਿੱਚ ਉਲਝ ਕੇ ਰਹਿ ਗਏ

ਕਬੀਲਦਾਰੀ ਵਿੱਚ ਉਲਝ ਕੇ ਰਹਿ ਗਏ
ਅਸਾਂ ਇਸ਼ਕ ਦਾ ਕੈਦਾ ਪੜ੍ਹਿਆ ਨਹੀਂ

ਵਕਤ ਨੇ ਪੈਰ-ਪੈਰ ਤੇ ਪਰਖੀ ਦੁਨੀਆ
ਲੋੜ ਸਮੇ ਨਾਲ ਕੋਈ ਖੜਿਆ ਨਹੀਂ

ਗ਼ੁਰਬਤ, ਦੁਖੜੇ, ਜ਼ਹਿਮਤਾਂ ਸੀ ਜਦ
ਉਦੋਂ ਘਰ ਅੰਦਰ ਕੋਈ ਵੜਿਆ ਨਹੀਂ

ਬੇਸ਼ੱਕ ਅਸੀਂ ਲੱਖਾਂ ਵਾਲੇ ਹੋ ਗਏ
ਪਰ ਹੰਕਾਰ ਕਦੇ ਸਿਰ ਚੜ੍ਹਿਆ ਨਹੀਂ।

# ਦਰਦ ਬਹੁਤੇ ਤੇ ਰੋਸੇ ਬਾਹਲ਼ੇ ਨੇ

ਦਰਦ ਬਹੁਤੇ ਤੇ ਰੋਸੇ ਬਾਹਲ਼ੇ ਨੇ
ਸੁੰਨੇ ਵਿਹੜੇ ਰਗਾਂ ਨੂੰ ਪੈਣ ਨੂੰ ਕਾਹਲ਼ੇ ਨੇ

ਪਿੰਡਾਂ ਦੇ ਪਿੰਡ ਖਾਲੀ ਹੋ ਗਏ
ਕਿੱਧਰੇ ਜਿੰਦਰੇ ਤੇ ਕਿੱਧਰੇ ਜਾਲੇ ਨੇ

ਬਚਪਨ ਦੀਆਂ ਰਹਿ ਗਈਆਂ ਯਾਦਾਂ
ਮਾਸੂਮ ਚਹਿਰੇ ਬਥੇਰੇ ਭਾਲੇ ਨੇ

ਜਿੱਥੇ ਲੇਖ ਉੱਥੇ ਹੀ ਚੁਗਣਾ
ਗਹਿਰੇ ਗਮ ਸੋਚਾਂ ਦੇ ਟਾਲੇ ਨੇ।

# ਜੇ ਕੁੱਝ ਚੰਗਾ ਨਹੀਂਓ ਬੋਲ ਸਕਦੇ

ਜੇ ਕੁੱਝ ਚੰਗਾ ਨਹੀਂਓ ਬੋਲ ਸਕਦੇ
ਤਾਂ ਮਾੜਾ ਵੀ ਬੋਲੀਏ ਨਾ

ਕਰਕੇ ਇਤਬਾਰ ਦੱਸੇ ਕੋਈ ਭੇਤ ਆਪਣੇ
ਤਾਂ ਯਕੀਨ ਤੋੜ ਭੇਤ ਵੀ ਖੋਲੀਏ ਨਾ

ਇੱਕੋ ਅੱਖ ਨਾਲ ਸੱਭ ਪਰਖੀਏ
ਚੰਗਾ ਮਾੜਾ ਇੱਕੋ ਤੱਕੜੀ ਤੋਲੀਏ ਨਾ

ਆਪਣੇ ਹੱਥੀਂ ਹੀ ਬੀਜ ਕੰਢੇ
ਫਿਰ ਉਹਨਾਂ ਰਾਹਾਂ ਚੋਂ ਹੀ ਫੁੱਲ ਟੋਲ੍ਹੀਏ ਨਾ।

## ਹਲੀਮੀ ਤੇ ਹਉਮੈਂ

ਕਦੇ ਵੀ ਪੈਸੇ ਜਾ ਆਪਣੀ ਕਾਮਯਾਬੀ ਨੂੰ ਇੰਨਾ ਸਿਰ ਨਾ ਚੜ੍ਹਨ ਦਿਓ ਕਿ ਇੱਕ ਦਿਨ ਇਹ ਚੀਜ਼ਾਂ ਤੁਹਾਡੀ ਮੱਤ ਮਾਰ ਦੇਣ ਤੇ ਦਿਨ 'ਬ ਦਿਨ ਤੁਹਾਡੀ ਬੁੱਧੀ ਨੂੰ ਭ੍ਰਿਸ਼ਟ ਕਰੀ ਜਾਣ ਤੇ ਤੁਸੀਂ ਗਲਤ ਜਾ ਸਹੀ 'ਚ ਅੰਤਰ ਭੁੱਲ ਜਾਓ ਤੇ ਇਹ ਨਾ ਹੋਵੇ  ਕੇ ਤੁਹਾਡੇ ਅੰਦਰ ਹਉਮੈਂ ਦੀ ਹਵਾੜ ਪੈਦਾ ਹੋ ਜਾਵੇ ਤੇ ਜਿਹੜੀ ਫਿਰ ਨਾ ਤੁਹਾਨੂੰ ਟਿਕਣ ਦੇਵੇ ਤੇ ਨਾ ਡੁਹਾਡੇ ਨਾਲ ਜੁੜੇ ਹਰ ਇਨਸਾਨ ਨੂੰ। ਜਦੋਂ ਕਿਸੇ ਵੀ ਇਨਸਾਨ ਕੋਲੋਂ ਹਉਮੈ ਦੀ ਹਵਾੜ ਆਉਣ ਲੱਗ ਜਾਵੇ ਤਾਂ ਇੱਕ ਨਾ ਇੱਕ ਦਿਨ ਉਹ ਇਨਸਾਨ ਨੂੰ ਖੋਖਲਾ ਕਰ ਦਿੰਦੀ ਹੈ।

ਕਿਸੇ ਦਾ ਗ਼ੁੱਸਾ ਜ਼ਿਆਦਾ ਦਿਲ ਤੇ ਨੀ ਲਾਈਦਾ
ਤੇ ਬਹੁਤੀ ਤਾਰੀਫ਼ ਦਿਮਾਗ 'ਚ ਨੀ ਬਿਠਾਈਦੀ
ਜੇ ਹੋਣ ਪੁਗਾਉਣੇ ਪਿਆਰ 'ਚ ਉਮਰਾ ਦੇ ਵੱਟੇ
ਫੇਰ ਬਹੁਤੀ ਹਿੰਡ ਨਈ ਪੁਗਾਈਦੀ
ਪਹਿਲਾ ਹੀ ਦੁੱਖਾਂ ਦੇ ਮਾਰਿਆ ਨੂੰ
ਜਾਣ-ਜਾਣ ਛੇੜ ਸੁੱਤੀ ਕਲਾ ਨੀ ਜਗਾਈਦੀ।

ਜਦੋਂ ਇਨਸਾਨ ਅੰਦਰੋਂ ਖੋਖਲ਼ਾ ਹੋ ਜਾਂਦਾ ਹੈ ਤਾਂ ਉਸਦੀ ਬਿਰਤੀ ਜਾਨਵਰਾਂ ਵਰਗੀ ਹੋ ਜਾਂਦੀ ਹੈ ਜਿਸ ਦੇ ਸਿਰ ਸਿਰਫ ਧੌਂਸ ਜਮਾਉਣ ਦਾ ਜਨੂੰਨ ਸਵਾਰ ਰਹਿੰਦਾ ਹੈ ਤੇ ਇਹ ਜਨੂੰਨ ਬਿਨਾਂ ਕਿਸੇ ਦੀ ਪ੍ਰਵਾਹ ਕੀਤਿਆਂ ਅਨੇਕਾਂ ਹੀ ਸੱਧਰਾਂ ਦਾ ਘਾਣ ਦੇ ਜਜ਼ਬਾਤਾ ਨੂੰ ਕੁਚਲ ਕੇ ਰੱਖ ਦਿੰਦਾ ਹੈ ਤੇ

ਉਹ ਇਨਸਾਨ ਖ਼ੁਦ ਆਪਣੇ ਹੱਥੀ ਰਿਸ਼ਤਿਆਂ ਨੂੰ ਅੰਤ-ਕਾਲ ਦੀ ਪੌੜੀ ਵੱਲ ਘਸੀਟਦਾ ਹੈ। ਕੋਸ਼ਿਸ਼ ਕਰੋ ਕਿ ਹਉਮੈਂ ਨੂੰ ਕਦੇ ਵੀ ਆਪਣੇ ਤੇ ਹਾਵੀ ਨਾ ਹੋਣ ਦਿਉ ਤਾਂ ਜੋ ਤੁਹਾਡੀਆਂ ਸੱਧਰਾਂ, ਰੀਝਾਂ, ਜਜ਼ਬਾਤਾਂ ਤੇ ਰਿਸ਼ਤਿਆਂ ਦਾ ਘਾਣ ਨਾ ਹੋਵੇ। ਕਾਹਲ ਨੇ ਕਦੇ ਵੀ ਕਿਸੇ ਨੂੰ ਨਫ਼ਾ ਨਹੀਂ ਦਿੱਤਾ ਤੇ ਬਹੁਤੀ ਦੇਰੀ ਕਰਨ ਵਾਲ਼ਿਆਂ ਨੂੰ ਸਕੂਨ। ਹਲੀਮੀ ਨਾਲ ਹੀ ਸੰਸਾਰ ਜਿੱਤਿਆ ਜਾ ਸਕਦਾ ਹੈ ਹਉਮੈਂ ਨਾਲ ਨਹੀਂ।

# ਮੌਨ

ਮੌਨ ਹੋ ਜਾਣਾ ਹੀ ਇਸ਼ਕੇ ਦਾ ਸਿਖਰ ਹੈ
ਆਪਮੁਹਾਰੇ ਇਸੇ ਭੇਦ ਵਿੱਚ ਹੀ ਜ਼ਿਕਰ ਹੈ

ਜ਼ਿੰਦਗੀ ਦੇ ਸਫ਼ਰ ਦਾ ਮਕਸਦ ਸਿਖਰ ਤੇ ਅੱਪੜਣ ਦਾ ਨਹੀਂ। ਸਿਖਰ ਤੇ ਸਾਖਰਤਾ ਦਾ ਆਪਸ ਵਿੱਚ ਗੂੜ੍ਹਾ ਨਾਤਾ ਹੈ। ਅਸਲ ਮਕਸਦ ਤਾਂ ਅੰਦਰ ਦੀ ਜੋਤ ਤੱਕ ਅੱਪੜਨ ਦਾ ਹੈ ਤਾਂ ਜੋ ਤੁਸੀਂ ਉਸੇ ਜੋਤ ਨਾਲ ਦੁਨੀਆ ਨੂੰ ਰੌਸ਼ਨੀ ਦੇ ਸਕੋ ਪਰ ਜੋ ਸਾਖਰਤਾ ਬਿਨਾ ਅਸੰਭਵ ਹੈ। ਖ਼ੁਦ ਦੀ ਪੜਚੋਲ ਦੇ ਖ਼ੁਦ ਦੀਆ ਮਨੋਭਾਵਨਾਵਾ ਦਾ ਭੇਦ ਜਾਨਣਾ ਹੀ ਅਸਲ ਸਾਖਰਤਾ ਹੈ। ਇਹੋ ਸਾਖਰਤਾ ਮਨੁੱਖ ਨੂੰ ਸਿਖਾਉਂਦੀ ਹੈ ਕਿ ਕਦੋਂ-ਕਦੋਂ ਧਰਵਾਸ ਦੇ ਪਿਆਲੇ ਚੋ ਘੁੱਟ ਭਰਨੀ ਹੈ, ਸਮੇਂ-ਸਮੇਂ ਸਹਿਜ ਦਾ ਕਸੀਦਾ ਕੱਢਦੇ ਰਹਿਣਾ ਹੈ ਤੇ ਵਕਤ-ਵਕਤ ਤੇ ਜਦੋਂ ਲੋੜ ਪਵੇ ਸਬਰ ਦੀ ਅਵਸਥਾ ਨੂੰ ਕਾਇਮ ਰੱਖਣਾ ਹੈ ਤੇ ਆਪਣੇ ਮਨ ਦੀਆ ਵਿੱਥਾਂ ਚੋਂ ਚੰਗੀ ਸੋਚ ਨੂੰ ਉਜਾਗਰ ਕਰਨਾ ਹੈ ਜੋ ਸਹੀ ਮਾਇਨੇ ਵਿੱਚ ਅਸਲ ਮਕਸਦ ਵੀ ਹੈ ਤੇ ਮਨੋਰਥ ਵੀ। ਚੰਗੀ ਸੋਚ ਹੀ ਚੰਗੇ ਖ਼ਿਆਲਾਂ ਨੂੰ ਜਨਮ ਦਿੰਦੀ ਹੈ। ਇਹ ਮਕਸਦ ਤੇ ਮਨੋਰਥ ਮੌਨ ਦੀ ਅਵਸਥਾ ਵਿੱਚ ਪ੍ਰਾਪਤ ਕਰਨਾ ਸੰਭਵ ਹੈ।

ਜਦੋ ਸਭ ਸੋਚ, ਖ਼ਿਆਲ ਚੁੱਪ ਦੀ ਖ਼ਿਦਮਤ ਤੇ ਚੁੱਪ ਦੀ ਤਰੀਕਤ ਕਰਦੇ ਹਨ ਤਾਂ ਮੌਨ ਦੇ ਜਲਵਾਨੁਮੇ ਦਾ ਆਨੰਦ ਪੂਰੀ ਕਾਇਨਾਤ ਲੈਂਦੀ ਹੈ ਤੇ ਸਾਰੇ ਦਾ ਸਾਰਾ ਬ੍ਰਹਿਮੰਡ ਪ੍ਰਕਿਰਮਾ ਕਰਦਾ ਹੈ, ਉਸਤਤ ਕਰਦਾ ਹੈ ਉਸ ਬੰਦਗੀ ਦੀ, ਲਿਵ ਦੀ, ਸਮਰਪਣ ਦੀ, ਸਾਧਨਾ ਦੀ ਜਿਸਦਾ ਰਹੱਸ ਅਲੌਕਿਕ ਹੈ।